Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 169 | Monday, August 29, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਛੁਰੇਬਾਜ਼ੀ ਵਿੱਚ ਦੋ ਮਹਿਲਾਵਾਂ ਦੀ ਹੋਈ ਮੌਤ



ਟੋਰਾਂਟੋ, 28 ਅਗਸਤ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਨੌਰਥ ਯੌਰਕ ਵਿੱਚ ਛੁਰੇਬਾਜ਼ੀ ਵਿੱਚ ਮਾਰੀਆਂ ਗਈਆਂ ਦੋ ਮਹਿਲਾਵਾਂ ਦੀ ਪੁਲਿਸ ਵੱਲੋਂ ਸ਼ਨਾਖ਼ਤ ਕਰ ਲਈ ਗਈ ਹੈ। ਇਹ ਘਟਨਾ ਫਿੰਚ ਐਵਨਿਊ ਤੇ ਸ਼ੈਪਰਡ ਐਵਨਿਊ ਦਰਮਿਆਨ ਸਥਿਤ ਬਾਥਰਸਟ ਸਟਰੀਟ ਤੇ ਐਲਰਸਲੀ ਐਵਨਿਊ ਨੇੜੇ ਦੁਪਹਿਰੇ 3:30 ਵਜੇ ਵਾਪਰੀ। ਪੁਲਿਸ ਅਨੁਸਾਰ 46 ਸਾਲਾ ਵਿਅਕਤੀ, ਜਿਸ ਦੀ ਪਛਾਣ ਬਾਅਦ ਵਿੱਚ ਟੋਰਾਂਟੋ ਦੇ ਗੌਡਫਰੇ ਸਿਗ-ਓਡ ਵਜੋਂ ਕੀਤੀ ਗਈ, ਦਾ ਦੋ ਮਹਿਲਾਵਾਂ ਨਾਲ ਝਗੜਾ ਹੋ ਗਿਆ।

ਉਸ ਵਿਅਕਤੀ ਵੱਲੋਂ ਤੇਜ਼ ਧਾਰ ਹਥਿਆਰ ਨਾਲ ਦੋਵਾਂ ਮਹਿਲਾਵਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਦੋਵਾਂ ਮਹਿਲਾਵਾਂ ਦੀ ਹਾਲਤ ਕਾਫੀ ਨਾਜ਼ੁਕ ਸੀ। ਉਨ੍ਹਾਂ ਦੀ ਜਾਨ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੇ ਜਾਣ ਤੋਂ ਬਾਅਦ ਦੋਵਾਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਐਤਵਾਰ ਨੂੰ ਪੁਲਿਸ ਨੇ ਦੋਵਾਂ ਮ੍ਰਿਤਕ ਮਹਿਲਾਵਾਂ ਦੀ ਪਛਾਣ ਟੋਰਾਂਟੋ ਦੀਆਂ 44 ਸਾਲਾ ਐਲਵੀ ਸਿਗ-ਓਡ ਤੇ 20 ਸਾਲਾ ਐਂਜੈਲਿਕਾ ਸਿਗ-ਓਡ ਵਜੋਂ ਕੀਤੀ।

ਗੌਡਫਰੇ ਸਿਗ-ਓਡ ਨੂੰ ਮੌਕੇ ਤੋਂ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

## ਫਰੀਲੈਂਡ ਖਿਲਾਫ ਵਾਪਰੀ ਘਟਨਾ ਬਾਰੇ ਟਰੂਡੋ ਨੇ ਸਿਆਸੀ ਆਗੂਆਂ ਨੂੰ ਇਕਜੁੱਟ ਹੋਣ ਦਾ ਦਿੱਤਾ ਸੱਦਾ



ਓਟਵਾ, 28 ਅਗਸਤ (ਪੋਸਟ ਬਿਊਰੋ) : ਅਲਬਰਟਾ ਵਿੱਚ ਵਿੱਤ ਮੰਤਰੀ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਹਿੰਸਕ ਧਮਕੀਆਂ ਦੇਣ ਤੇ ਗਾਲਾਂ ਕੱਢਣ ਵਰਗੀ ਵਾਪਰੀ ਘਟਨਾ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਿਆਸੀ ਆਗੂਆਂ ਨੂੰ ਅਜਿਹੀ ਘਟਨਾ ਖਿਲਾਫ ਇੱਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਵੀਕੈਂਡ ਉੱਤੇ ਆਨਲਾਈਨ ਸਰਕੂਲੇਟ ਕੀਤੇ ਗਏ ਇੱਕ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਫਰੀਲੈਂਡ ਸ਼ੁੱਕਰਵਾਰ ਨੂੰ ਜਦੋਂ ਗ੍ਰੈਂਡ ਪ੍ਰੇਰੀਜ਼ ਦੇ ਸਿਟੀ ਹਾਲ ਵਿੱਚ ਦਾਖਲ ਹੋਣ ਲਈ ਲਿਫਟ ਵਿੱਚ ਚੜ੍ਹ ਰਹੀ ਸੀ ਤਾਂ ਇੱਕ ਵਿਅਕਤੀ ਵੱਲੋਂ ਉਨ੍ਹਾਂ ਨੂੰ ਗਾਲਾਂ ਕੱਢੀਆਂ ਗਈਆਂ, ਧਮਕੀਆਂ ਦਿੱਤੀਆਂ ਗਈਆਂ ਤੇ ਗੱਦਾਰ ਕਹਿ ਕੇ ਸੱਦਿਆ ਗਿਆ। ਐਤਵਾਰ ਨੂੰ ਐਲਜੀਬੀਟੀਕਿਊ ਕਮਿਊਨਿਟੀਜ਼ ਦੀ ਮਦਦ ਲਈ ਜਾਰੀ ਕੀਤੇ ਗਏ ਐਕਸ਼ਨ ਪਲੈਨ ਨੂੰ ਫੰਡ ਦੇਣ ਸਬੰਧੀ ਐਲਾਨ ਕਰਨ ਸਮੇਂ ਟਰੂਡੋ ਨੇ ਇਸ ਘਟਨਾ ਦਾ ਜ਼ਿਕਰ ਕੀਤਾ। ਉਨ੍ਹਾਂ ਆਖਿਆ ਕਿ ਜੋ ਕੁੱਝ ਫਰੀਲੈਂਡ ਨਾਲ ਹੋਇਆ ਉਹ ਇੱਕਲੀ-ਕਾਰੀ ਘਟਨਾ ਨਹੀਂ ਹੈ ਸਗੋਂ ਖਾਸਤੌਰ ਉੱਤੇ ਮਹਿਲਾਵਾਂ ਤੇ ਘੱਟ ਗਿਣਤੀਆਂ ਖਿਲਾਫ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ।

## ਕਾਰ ਹਾਦਸੇ ਵਿੱਚ ਛੇ ਹਲਾਕ



ਬੈਰੀ, 28 ਅਗਸਤ (ਪੋਸਟ ਬਿਊਰੋ) : ਲੈਕਰੌਸ ਦੇ ਖਿਡਾਰੀ ਤੋਂ ਕੋਚ ਬਣੇ ਲਿਊਕ ਵੈਸਟ ਤੋਂ ਇਲਾਵਾ ਪੰਜ ਹੋਰ ਨੌਜਵਾਨ ਖਿਡਾਰੀਆਂ ਦੇ ਸ਼ਨਿੱਚਰਵਾਰ ਨੂੰ ਲਾਪਤਾ ਹੋਣ ਦੀ ਰਿਪੋਰਟ ਮਿਲੀ ਸੀ ਪਰ ਇਨ੍ਹਾਂ ਸਾਰਿਆਂ ਦੇ ਬੈਰੀ, ਓਨਟਾਰੀਓ ਵਿੱਚ ਸਿੰਗਲ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਮਾਰੇ ਜਾਣ ਦਾ ਖਦਸ਼ਾ ਹੈ।

ਐਤਵਾਰ ਨੂੰ ਤੜ੍ਹਕੇ 2:00 ਵਜੇ ਬੈਰੀ ਪੁਲਿਸ, ਮੈਕੇਅ ਰੋਡ ਤੇ ਕਾਊਂਟੀ ਰੋਡ 27 ਵਾਲੇ ਇਲਾਕੇ ਵਿੱਚ ਹਾਦਸੇ ਦੀ ਖਬਰ ਮਿਲਣ ਤੋਂ ਬਾਅਦ ਮੌਕੇ ਉੱਤੇ ਪਹੁੰਚੀ। ਬੈਰੀ ਪੁਲਿਸ ਸਰਵਿਸਿਜ਼ (ਬੀਪੀਐਸ) ਕਮਿਊਨਿਕੇਸ਼ਨਜ਼ ਕੋਆਰਡੀਨੇਟਰ ਜੈਨੇਟ ਮੇਅਜ਼ ਨੇ ਦੱਸਿਆ ਕਿ ਇਸ ਗੱਡੀ ਵਿੱਚ ਸਵਾਰ ਚਾਰ ਲੜਕਿਆਂ ਤੇ ਦੋ ਲੜਕੀਆਂ, ਜੋ ਕਿ ਆਪਣੇ 20ਵਿਆਂ ਵਿੱਚ ਸਨ, ਦੇ ਲਾਪਤਾ ਹੋਣ ਦੀ ਖਬਰ ਮਿਲੀ ਸੀ। ਹਾਦਸੇ ਦੇ ਸਬੰਧ ਵਿੱਚ ਬਹੁਤ ਘੱਟ ਜਾਣਕਾਰੀ ਰਲੀਜ਼ ਕੀਤੀ ਗਈ ਹੈ।

ਸਿਟੀ ਆਫ ਬੈਰੀ ਵੱਲੋਂ ਇਸ ਗੱਲ ਦੀ ਪੁਸ਼ਟੀ ਐਤਵਾਰ ਦੁਪਹਿਰ ਨੂੰ ਕੀਤੀ ਗਈ ਕਿ ਜਿਸ ਥਾਂ ਉੱਤੇ ਹਾਦਸਾ ਹੋਇਆ ਉਹ ਕੰਸਟ੍ਰਕਸ਼ਨ ਪ੍ਰੋਜੈਕਟ ਦਾ ਹਿੱਸਾ ਸੀ ਤੇ ਲੰਮੇਂ ਸਮੇਂ ਤੋਂ ਹੀ ਇਸ ਲਾਂਘੇ ਨੂੰ ਬੰਦ ਕਰਕੇ ਰੱਖਿਆ ਗਿਆ ਸੀ।

ਪੁਲਿਸ ਵੱਲੋਂ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਗਏ ਹਨ ਪਰ ਇਨ੍ਹਾਂ ਵਿੱਚੋਂ ਇੱਕ ਦੀ ਪਛਾਣ ਲੋਕਲ ਲੈਕਰੌਸ ਖਿਡਾਰੀ ਤੇ ਕੋਚ ਲਿਊਕ ਵੈਸਟ ਵਜੋਂ ਹੋਈ ਦੱਸੀ ਜਾਂਦੀ ਹੈ। ਐਤਵਾਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਸੋਸ਼ਲ ਮੀਡੀਆ ਉੱਤੇ ਮ੍ਰਿਤਕਾਂ ਦੇ ਪਰਿਵਾਰਾਂ ਲਈ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

OURR HOME APPLIANCES
Late Summer TREATS
PRICE $3199 +TAX
PRICE $1599 +TAX
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

Pure Vegetarian MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# ਏਸ਼ੀਆ ਟੀ-20 ਕ੍ਰਿਕਟ ਕੱਪ: ਭਾਰਤ ਨੇ ਪਾਕਿ ਨੂੰ ਹਰਾਇਆ



ਦੁਬਈ, 28 ਅਗਸਤ, (ਪੋਸਟ ਬਿਊਰੋ)-ਭਾਰਤ ਤੇ ਪਾਕਿਸਤਾਨ ਵਿਚਾਲੇ ਏਸ਼ੀਆ ਕੱਪ ਦਾ ਪਹਿਲਾ ਮੈਚ ਦੁਬਈਵਿੱਚ ਖੇਡਿਆ ਗਿਆ, ਜਿਸਵਿੱਚ ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਟਾਸ ਜਿੱਤੀ ਤੇ ਪਹਿਲਾਂ ਗੇਂਦਬਾਜ਼ੀ ਦਾ ਫੈਸਲਾ ਕੀਤਾ। ਭਾਰਤ ਦੀ ਸ਼ਾਨਦਾਰ ਗੇਂਦਬਾਜ਼ੀ ਮੂਹਰੇ ਪਾਕਿਸਤਾਨ ਦੀ ਪੂਰੀ ਟੀਮ 19.5 ਓਵਰਾਂਵਿੱਚ 147 ਦੌੜਾਂ ਉੱਤੇਢਹਿ ਗਈ ਤੇ ਭਾਰਤ ਨੂੰ ਜਿੱਤ ਲਈ 148 ਦੌੜਾਂ ਦਾ ਟੀਚਾ ਮਿਲਿਆ। ਭਾਰਤੀ ਟੀਮ ਲਈ ਭੁਵੀ ਨੇ ਚਾਰ, ਹਾਰਦਿਕ ਪੰਡਯਾ ਨੇ ਤਿੰਨ, ਅਰਸ਼ਦੀਪ ਸਿੰਘ ਨੇ ਦੋ ਅਤੇ ਅਵੇਸ਼ ਖਾਨ ਨੇ ਇੱਕ ਵਿਕਟ ਲਈ।

ਜਵਾਬੀ ਵਾਰੀ ਖੇਡਦੇ ਹੋਏ ਭਾਰਤੀ ਟੀਮ ਨੇ ਜਿੱਤ ਲਈ 148 ਦੌੜਾਂ ਦਾ ਟੀਚਾ 5 ਵਿਕਟਾਂ ਬਾਕੀ ਰਹਿੰਦਿਆਂ ਪੂਰਾ ਕਰ ਲਿਆ। ਇਸ ਮੈਚਵਿੱਚ ਕਈ ਉਤਰਾਅ-ਚੜ੍ਹਾਅ ਆਏ, ਪਰ ਟੀਮ ਇੰਡੀਆ ਨੇ ਇਹ ਮੈਚ ਜਿੱਤ ਕੇ ਏਸ਼ੀਆ ਕੱਪ ਦੀ ਸ਼ਾਨਦਾਰ ਸ਼ੁਰੂਆਤ ਕਰ ਲਈ। ਭਾਰਤ ਨੂੰ ਜਦੋਂ ਜਿੱਤ ਲਈ 6 ਦੌੜਾਂ ਦੀ ਲੋੜ ਸੀ ਤਾਂ ਹਾਰਦਿਕ ਪੰਡਯਾ ਨੇ ਸਿਕਸਰ ਲਾ ਕੇ ਟੀਮਜਿਤਾ ਦਿੱਤੀ। ਭਾਰਤ ਨੇ ਮੈਚਦੌਰਾਨ 19.4 ਓਵਰਾਂਵਿੱਚ 5 ਵਿਕਟਾਂ ਉੱਤੇ 148 ਦੌੜਾਂ ਬਣਾਈਆਂ, ਜਿਸ ਵਿੱਚ ਵਿਰਾਟ ਕੋਹਲੀ ਅਤੇ ਰਵਿੰਦਰ ਜਡੇਜਾ ਦੀਆਂ 35-35 ਦੌੜਾਂ ਤੇ ਹਾਰਦਿਕ ਪੰਡਯਾ ਨੇ 17 ਗੇਂਦਾਂ ਉੱਤੇ 1 ਸਿਕਸਰ ਅਤੇ 4 ਚੌਕਿਆਂ ਨਾਲ ਅਜੇਤੂ 33 ਦੌੜਾਂ ਨੇ ਟੀਮ ਦੀ ਜਿੱਤ ਵਿੱਚ ਵੱਡੀ ਭੂਮਿਕਾ ਨਿਭਾਈ।ਭਾਰਤ-ਪਾਕਿ ਵਿਚਾਲੇ ਇਹ 10ਵਾਂ ਟੀ-20 ਅੰਤਰਰਾਸ਼ਟਰੀ ਮੈਚ ਸੀ, ਜਿਸ ਵਿੱਚ ਟੀਮ ਇੰਡੀਆ ਦੀ ਇਹ 8ਵੀਂ ਜਿੱਤ ਸੀ।

# ਉਲਝਣਾਂ ਵਿੱਚ ਫਸੀ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਦੀ ਚੋਣ ਲਈ ਪ੍ਰੋਗਰਾਮ ਦਾ ਐਲਾਨ

*** ਪਾਰਟੀ ਨੂੰ ਅਕਤੂਬਰ ਤਕ ਨਵਾਂ ਪ੍ਰਧਾਨ ਮਿਲੇਗਾ**




ਨਵੀਂ ਦਿੱਲੀ, 28 ਅਗਸਤ, (ਪੋਸਟ ਬਿਊਰੋ)-ਬਹੁਤ ਸਾਰੀਆਂ ਉਲਝਣਾਂ ਤੇ ਵੱਡੀ ਗੁੱਟਬੰਦੀ ਵਿੱਚ ਫਸੀ ਹੋਈ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਦੇ ਪ੍ਰਧਾਨ ਲਈ ਚੋਣ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਗਿਆ ਹੈ।

ਅੱਜ ਦਿੱਲੀ ਵਿੱਚ ਹੋਈ ਕਾਂਗਰਸ ਵਰਕਿੰਗ ਕਮੇਟੀ (ਸੀਡਬਲਯੂ ਸੀ) ਦੀ ਬੈਠਕਵਿੱਚ ਪ੍ਰਧਾਨ ਦੀ ਅਗਲੀ ਚੋਣ ਲਈ ਅੰਤਿਮ ਪ੍ਰੋਗਰਾਮ ਉੱਤੇ ਚਰਚਾ ਅਤੇ ਮਨਜ਼ੂਰੀ ਪਿੱਛੋਂ ਚੋਣ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਹੈ, ਜਿਸ ਮੁਤਾ-ਬਕ ਕਾਂਗਰਸ ਪ੍ਰਧਾਨ ਦੇ ਅਹੁਦੇ ਲਈ ਵੋਟਿੰਗ 17 ਅਕਤੂਬਰ ਨੂੰ ਤੇ ਵੋਟਾਂ ਦੀ ਗਿਣਤੀ 19 ਅਕਤੂਬਰ ਨੂੰ ਹੋਵੇਗੀ। ਪਾਰਟੀ ਦੇ ਪ੍ਰਮੁੱਖ ਨੇਤਾ ਗੁਲਾਮ ਨਬੀ ਆਜ਼ਾਦ ਦੇ ਅਚਾਨਕ ਅਸਤੀਫੇ ਤੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਉਨ੍ਹਾਂ ਦੇ ਪੱਤਰ ਕਾਰਨ ਪਾਰਟੀ ਵਿੱਚਬਾਰੀ ਹਲਚਲਦੌਰਾਨਹੋਈ ਇਸ ਆਨਲਾਈਨ ਬੈਠਕਦੀ ਪ੍ਰਧਾਨਗੀ ਇਲਾਜਲਈ ਵਿਦੇਸ਼ ਗਈ ਸੋਨੀਆ ਗਾਂਧੀ ਨੇ ਓਥੋਂ ਕੀਤੀ। ਉਨ੍ਹਾਂ ਨਾਲ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸੈਕਟਰੀ ਧੀ ਪ੍ਰਿਅੰਕਾ ਗਾਂਧੀ ਵਾਡਰਾ ਵੀ ਮੌਜੂਦ ਸਨ। ਮੀਟਿੰਗ ਵਿੱਚ ਹੋਰਨਾਂ ਤੋਂ ਬਿਨਾ ਨਾਰਾਜ਼ ਗਿਣੇ ਜਾਂਦੇ ਜੀ-23 ਗਰੁੱਪ ਦੇ ਪ੍ਰਮੁੱਖ ਆਗੂ ਆਨੰਦ ਸ਼ਰਮਾ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਪਾਰਟੀ ਦੇ ਪ੍ਰਧਾਨ ਬਣਨ ਲਈ ਮਨਾਏ ਜਾ ਰਹੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤਸ਼ਾਮਲ ਸਨ। ਪਹਿਲਾਂ ਦੱਸਿਆ ਗਿਆ ਸੀ ਕਿ ਪਾਰਟੀ ਪ੍ਰਧਾਨ ਦੀ ਚੋਣ ਕੁਝ ਹਫ਼ਤਿਆਂ ਦੀ ਦੇਰੀ ਨਾਲ ਚੱਲੇਗੀ ਤੇ ਅਕਤੂਬਰ ਤੱਕ ਪਾਰਟੀ ਦਾ ਪੂਰਾ ਸਮਾਂ ਕੰਮ ਕਰਨ ਵਾਲਾ ਪ੍ਰਧਾਨ ਹੋਣਾ ਚਾਹੀਦਾ ਹੈ, ਪਰ ਅੱਜ ਵਾਲੇ ਫੈਸਲੇ ਮੁਤਾਬਕ ਪਾਰਟੀ ਪ੍ਰਧਾਨ ਦੀ ਚੋਣ ਲਈ ਨੋਟੀਫਿਕੇਸ਼ਨ 22 ਸਤੰਬਰ ਨੂੰ ਜਾਰੀ ਹੋਵੇਗਾ ਅਤੇ 24 ਸਤੰਬਰ ਤੱਕਨਾਮਜ਼ਦਗੀਆਂ ਭਰਨ ਪਿੱਛੋਂ ਜੇਇੱਕ ਤੋਂ ਵੱਧ ਉਮੀਦਵਾਰ ਹੋਏ ਤਾਂ 17 ਅਕਤੂਬਰ ਨੂੰ ਚੋਣ ਕਰਵਾਈ ਜਾਵੇਗੀ।

ਜਾਣਕਾਰ ਸੂਤਰਾਂ ਮੁਤਾਬਕ ਕਾਂਗਰਸਵਿੱਚ ਪ੍ਰਕਿਰਿਆ ਰੁਕੀ ਹੋਈ ਹੈ ਅਤੇ ਰਾਹੁਲ ਗਾਂਧੀ ਨੂੰ ਮਨਾਉਣ ਦੇ ਸਾਰੇ ਯਤਨਾਂ ਦੇ ਬਾਵਜੂਦ ਉਹਕਾਂਗਰਸ ਪ੍ਰਧਾਨ ਬਣਨ ਨੂੰ ਤਿਆਰ ਨਹੀਂ।ਬੀਤੇ ਬੁੱਧਵਾਰ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਾਂਗਰਸ ਪ੍ਰਧਾਨਗੀ ਲਈ ਆਪਣਾ ਨਾਂਅ ਅੱਗੇ ਹੋਣ ਦੀ ਗੱਲ ਰੱਦ ਕਰ ਕੇ ਕਿਹਾ ਸੀ ਕਿ ਰਾਹੁਲ ਗਾਂਧੀ ਨੂੰ ਫਿਰ ਪਾਰਟੀ ਦੀ ਵਾਗ ਸੰਭਾਲਣ ਲਈ ਮਨਾਉਣ ਦੇ ਯਤਨ ਆਖਰੀ ਸਮੇਂ ਤੱਕ ਕਰਾਂਗੇ।ਉਨ੍ਹਾਂ ਦੀ ਇਹ ਟਿੱਪਣੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਤੋਂ ਇੱਕ ਦਿਨ ਬਾਅਦ ਆਉਣ ਨਾਲ ਕਈ ਅਟਕਲਾਂ ਸ਼ੁਰੂ ਹੋ ਗਈਆਂ ਸਨ।

ਇਸ ਦੌਰਾਨ ਰਾਹੁਲ ਗਾਂਧੀ ਦੀ ਅਗਵਾਈ ਹੇਠਕਾਂਗਰਸ7 ਸਤੰਬਰ ਨੂੰ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਦੀ 148 ਦਿਨਾਂ ਦੀ 'ਭਾਰਤ ਜੋੜੋ ਯਾਤਰਾ' ਸ਼ੁਰੂ ਕਰਨ ਵਾਲੀ ਹੈ, ਜਿਸ ਵਿੱਚ ਪੰਜ ਮਹੀਨਿਆਂ ਵਿੱਚ 3,500 ਕਿਲੋਮੀਟਰ ਦੂਰੀ ਤੇ 12 ਤੋਂ ਵੱਧ ਰਾਜ ਕਵਰ ਕੀਤੇ ਜਾਣਗੇ। ਇਹਯਾਤਰਾ ਰੋਜ਼ 25 ਕਿਲੋਮੀਟਰ ਦੂਰੀ ਤੈਅ ਕਰੇਗੀ, ਜਿਸ ਦੌਰਾਨ ਰੈਲੀਆਂ ਤੇ ਜਨਤਕ ਮੀਟਿੰਗਾਂ ਹੋਣਗੀਆਂ, ਜਿਨ੍ਹਾਂਵਿੱਚਸਾਰੇ ਸੀਨੀਅਰ ਕਾਂਗਰਸੀ ਆਗੂ ਸ਼ਾਮਲ ਹੋਣਗੇ ਅਤੇ ਇਸ ਦੇ ਕਾਰਨ ਪਾਰਟੀ ਦੇ ਪ੍ਰਧਾਨ ਦੀ ਚੋਣਕੁਝ ਲੇਟ ਵੀ ਹੋ ਸਕਦੀ ਹੈ।

# ਕਾਂਗਰਸ ਦਾ ਮੋਗੇ ਦਾ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ



ਮੋਗਾ, 28 ਅਗਸਤ, (ਪੋਸਟ ਬਿਊਰੋ)-ਪੰਜਾਬ ਦੀ ਸਿਆ-ਸਤਵਿੱਚ ਵੱਡੇ ਧਮਾਕੇ ਵਾਂਗ ਮੋਗਾ ਵਿੱਚ ਕਾਂਗਰਸੀ ਆਗੂ ਤੇ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ ਪੀਨਾ ਤੇ ਡਿਪਟੀ ਮੇਅਰ ਅਸ਼ੋਕ ਧਮੀਜਾ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਦੋਵੇਂ ਜਣੇ ਮੋਗਾ ਵਿੱਚ ਪੰਜਾਬੀ ਗਾਇਕ ਦੇ ਪ੍ਰੋਗਰਾਮ ਵਿੱਚ ਮਹਿਮਾਨ ਵਜੋਂ ਪੁੱਜੇ ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਹਾਜ਼ਰੀ ਵਿੱਚਇਸ ਪਾਰਟੀਵਿੱਚ ਸ਼ਾਮਲ ਹੋਏ।

ਵਰਨਣ ਯੋਗ ਹੈ ਕਿ ਨਿਗਮ ਹਾਊਸ ਦੀ ਬੈਠਕ ਤੋਂ ਪਹਿਲਾਂ ਦੋਵਾਂ ਆਗੂਆਂ ਦੇ ਆਮ ਆਦਮੀ ਪਾਰਟੀ ਵਿੱਚ ਜਾਣ ਦੇ ਚਰਚੇ ਚੱਲ ਰਹੇ ਸਨ। ਇਸ ਮੌਕੇ ਕੁਝ ਕੌਂਸਲਰ ਤੇ ਹੋਰ ਲੋਕ ਵੀ ਆਮ ਆਦਮੀ ਪਾਰਟੀਵਿੱਚ ਸ਼ਾਮਲ ਹੋ ਗਏ। ਇਸ ਤੋਂ ਪਹਿਲਾਂ ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੇ ਮੇਅਰ ਵੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ।ਅਸੈਂਬਲੀ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਮੇਅਰ ਕਰਮਜੀਤ ਸਿੰਘ ਰਿੰਟੂ ਦੀ ਅਗਵਾਈ ਹੇਠ ਅੰਮ੍ਰਿਤਸਰ ਦੇ ਤਿੰਨ ਕੌਂਸਲਰ ਗੁਰਜੀਤ ਕੌਰ, ਮਨਦੀਪ ਆਹੂਜਾ ਤੇ ਪ੍ਰਿਅੰਕਾ ਸ਼ਰਮਾ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ।


# ਭ੍ਰਿਸ਼ਟਾਚਾਰ ਨਾਲ ਬਣੇ ਹੋਏ ਟਵਿਨ ਟਾਵਰ ਅਦਾਲਤੀ ਹੁਕਮ ਨਾਲ 9 ਸੈਕਿੰਡ ਵਿੱਚ ਢਾਹ ਦਿੱਤੇ ਗਏ



ਨੋਇਡਾ, 28 ਅਗਸਤ, (ਪੋਸਟ ਬਿਊਰੋ)-ਭ੍ਰਿਸ਼ਟਾਚਾਰ ਵਿਰੁੱਧ ਭਾਰਤ ਵਿਚ ਪਹਿਲੀ ਵਾਰ ਵੱਡੀ ਕਾਰਵਾਈ ਹੋਈਅਤੇ ਨਿਯਮਾਂ ਦੀ ਉਲੰਘਣਾ ਕਰ ਕੇ ਦਿੱਲੀ ਨੇੜੇ ਨੋਇਡਾ ਵਿੱਚ ਬਣਾਏ ਸੁਪਰਟੈਕ ਦੇ ਦੋਵੇਂ ਟਵਿਨ ਟਾਵਰਾਂ ਨੂੰ ਅੱਜ ਦੁਪਹਿਰ ਬਾਅਦ ਧਮਾਕੇ ਨਾਲ ਸਿਰਫ ਨੌਂ ਸੈਕਿੰਡ ਦੇ ਸਮੇਂ ਵਿੱਚ ਢਾਹ ਦਿੱਤਾ ਗਿਆ।

ਅੱਜ ਦੀ ਕਾਰਵਾਈ ਲਈ ਸਾਇਰਨ ਵੱਜਣ ਪਿੱਛੋਂ ਧਮਾਕਾ ਹੋਇਆ ਤੇ ਕੁਝ ਪਲਾਂਵਿੱਚ ਦੋਵੇਂ ਇਮਾਰਤਾਂ ਜ਼ਮੀਨ ਉੱਤੇਢੇਰੀ ਹੋ ਗਈਆਂ, ਜਿਸ ਨਾਲ ਘੱਟੇ-ਮਿੱਟੀ ਦਾ ਗੁਬਾਰ ਦੂਰ ਤੱਕ ਫੈਲ ਗਿਆ।ਕੁਤੁਬ ਮੀਨਾਰ ਤੋਂ ਉੱਚੇ ਦਿਖਾਈ ਦੇਂਦੇ ਟਵਿਨ ਟਾਵਰਦੀਆਂ ਦੋ ਇਮਾਰਤਾਂ ਨੂੰ 3700 ਕਿਲੋਗ੍ਰਾਮ ਬਾਰੂਦ ਦੀ ਵਰਤੋਂ ਨਾਲ ਢਾਹ ਦਿੱਤਾ ਗਿਆ।ਕੁੱਲ 950 ਫਲੈਟਾਂ ਵਾਲੇ ਇਹ 2 ਟਾਵਰ ਬਣਾਉਣ ਲਈ ਸੁਪਰਟੈਕ ਨੇ 200 ਤੋਂ 300 ਕਰੋੜ ਰੁਪਏ ਖ਼ਰਚੇ ਸਨ। ਢਾਹੁਣ ਦੇ ਹੁਕਮ ਜਾਰੀ ਹੋਣ ਤੋਂ ਪਹਿਲਾਂ ਇਨ੍ਹਾਂ ਫਲੈਟਾਂ ਦੀ ਬਾਜ਼ਾਰੀ ਕੀਮਤ 700 ਤੋਂ 800 ਕਰੋੜ ਰੁਪਏ ਤੀਕ ਪਹੁੰਚ ਗਈ ਅਤੇ ਸਾਰੀ ਕਾਨੂੰਨੀ ਚਾਰਾਜੋਈ ਦੇ ਬਾਵਜੂਦ ਕੰਪਨੀ ਇਨ੍ਹਾਂ ਨੂੰ ਬਚਾ ਨਹੀਂ ਸਕੀ।

ਟਵਿਨ ਟਾਵਰਢਾਹੁਣ ਤੋਂ ਪਹਿਲਾਂ ਐਡੀਫਿਸ ਕੰਪਨੀ ਨੇ ਪੰਡਿਤਤੋਂ ਹਵਨ ਕਰਾਇਆ।ਕਰੀਬ 1 ਘੰਟੇ ਦੀ ਪੂਜਾਵਿੱਚ ਛੇ ਲੋਕ ਮੌਜੂਦ ਸਨ, ਜਿਸ ਵਿੱਚ ਕੰਪਨੀ ਦੇ ਡਾਇਰੈਕਟਰ ਉਤਕਰਸ਼ ਮਹਿਤਾ ਅਤੇ ਉਨ੍ਹਾਂ ਦੇ ਟੀਮ ਮੈਂਬਰ ਸਨ। ਢਾਹੇ ਗਏ ਟਾਵਰਾਂ ਵਿੱਚੋਂ ਇੱਕ 103 ਮੀਟਰ ਉੱਚਾ ਤੇ ਦੂਜਾ 97 ਮੀਟਰ ਉੱਚਾ ਸੀ, ਜਿਨ੍ਹਾਂ ਨੂੰ ਢਾਹੁਣ ਲਈ ਸੁਸਾਇਟੀ ਵਿਚਲੇ ਲੋਕਾਂ ਨੇ ਲੰਮੀ ਲੜਾਈ ਲੜੀ ਸੀ। ਪਹਿਲਾਂ ਕੇਸ ਇਲਾਹਾਬਾਦ ਹਾਈਕੋਰਟ ਅਤੇ ਫਿਰ ਸੁਪਰੀਮ ਕੋਰਟ ਗਿਆ ਅਤੇ ਦੋਵਾਂ ਅਦਾਲਤਾਂ ਨੇ ਇਸ ਟਾਵਰ ਨੂੰ ਢਾਹੁਣ ਦੇ ਹੁਕਮ ਦਿੱਤੇ ਸਨ ਅਤੇ ਕੰਪਨੀ ਇਨ੍ਹਾਂ ਨੂੰ ਬਚਾ ਨਹੀਂ ਸੀ ਸਕੀ।



# ਪਾਕਿਸਤਾਨ ਵਿੱਚ ਹੜ੍ਹਾਂ ਤੇ ਮੌਤਾਂ ਦਾ 30 ਸਾਲਾਂ ਦਾ ਰਿਕਾਰਡ ਟੁੱਟਿਆ

*** 110 ਜ਼ਿਲਿਆਂ ਵਿੱਚ ਹੜ੍ਹਾਂ ਨਾਲ ਮੌਤਾਂ ਦੀ ਗਿਣਤੀ 1000 ਤੋਂ ਪਾਰ**

ਇਸਲਾਮਾਬਾਦ, 28 ਅਗਸਤ, (ਪੋਸਟ ਬਿਊਰੋ)-ਪਾਕਿਸਤਾਨਵਿੱਚਅੱਜਕੱਲ੍ਹ ਹੜ੍ਹਾਂ ਕਾਰਨ ਹਾਹਾਕਾਰ ਮੱਚੀ ਹੋਈ ਹੈ ਅਤੇ ਇਸ ਨਾਲ ਲੱਖਾਂ ਲੋਕ ਪ੍ਰਭਾਵਿਤ ਹੋਣ ਤੋਂ ਇਲਾਵਾ ਮੌਤਾਂ ਦੀ ਗਿਣਤੀ 1000 ਨੂੰ ਟੱਪ ਗਈ ਹੈ।

ਇਸ ਬਾਰੇ ਪਾਕਿਸਤਾਨ ਦੀ ਕੌਮੀ ਆਫ਼ਤ ਪ੍ਰਬੰਧ ਅਥਾਰਟੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ 14 ਜੂਨ ਤੋਂ ਪੈਂਦੇ ਮੀਂਹ ਅਤੇ ਹੜ੍ਹਾਂ ਨਾਲ ਘੱਟੋ-ਘੱਟ 1,033 ਲੋਕਾਂ ਦੀ ਮੌਤ ਹੋਈ ਅਤੇ 1,527 ਜ਼ਖ਼ਮੀ ਹੋਏ ਹਨ।ਮਿਲੇ ਅੰਕੜਿਆਂ ਅਨੁਸਾਰ ਬਲੋਚਿਸਤਾਨ, ਗਿਲਗਿਤ-ਬਾਲਟਿ-ਸਤਾਨ, ਖੈਬਰ ਪਖਤੂਨਖਵਾ ਵਿੱਚਬੁਰੀ ਹਾਲਾਤ ਹੈ। ਇਸ ਕਾਰਨ 14 ਜੂਨ ਤੋਂ ਬਾਅਦ ਹੜ੍ਹਾਂ ਨਾਲ 3,451.5 ਕਿਲੋਮੀਟਰ ਸੜਕ ਨੁਕਸਾਨੀ ਗਈ ਅਤੇ 149 ਪੁਲ ਢਹਿਣ ਦੇ ਨਾਲ 170 ਦੁਕਾਨਾਂ ਅਤੇ 949,858 ਘਰ ਅੰਸ਼ਕ ਜਾਂ ਪੂਰੀ ਤਰ੍ਹਾਂ ਤਬਾਹ ਹੋਏ ਅਤੇ 719,558 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਪਾਕਿ-ਸਤਾਨ ਦੇ ਘੱਟੋ-ਘੱਟ 110 ਜ਼ਿਲ੍ਹੇ ਇਸ ਵਕਤ ਹੜ੍ਹ ਦੀ ਮਾਰ ਹੇਠ ਹਨ।



# ਗੁਜਰਾਤ ਤੋਂ ਪੰਜਾਬ ਵਿੱਚ ਹੈਰੋਇਨ ਦੀ ਸਪਲਾਈ ਦੇ ਰੂਟ ਦਾ ਪਰਦਾ ਫਾਸ਼

*** ਟਰੱਕ ਦੇ ਟੂਲ ਬਾਕਸ ਵਿੱਚੋਂ 190 ਕਰੋੜ ਦਾ ਚਿੱਟਾ ਬਰਾਮਦ**

ਨਵਾਂਸ਼ਹਿਰ, 28 ਅਗਸਤ, (ਪੋਸਟ ਬਿਊਰੋ)- ਪੰਜਾਬ ਪੁਲਿਸ ਨੇ ਅੱਜ 38 ਕਿੱਲੋ ਦੇ ਕਰੀਬ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ 190 ਕਰੋੜ ਰੁਪਏ ਹੈ। ਆਈਜੀ ਲੁਧਿਆਣਾ ਰੇਂਜ ਐਸਪੀਐਸ ਪਰਮਾਰ ਅਤੇ ਐਸਐਸਪੀ ਭਾਗੀਰਥ ਸਿੰਘ ਮੀਣਾ ਨੇ ਜ਼ਿਲ੍ਹਾ ਪੁਲਿਸ ਹੈੱਡਕੁਆਰਟਰ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਗੁਜਰਾਤ ਤੋਂ ਪੰਜਾਬ ਨੂੰ ਡਰੱਗ ਸਪਲਾਈ ਦੇ ਇਸ ਰੈਕੇਟ ਦਾ ਖੁਲਾਸਾ ਕੀਤਾ ਹੈ।

ਇਸ ਸੰਬੰਧ ਵਿੱਚ ਆਈ ਜੀ, ਐੱਸ ਪੀ ਐੱਸ ਪਰਮਾਰ ਨੇ ਦੱਸਿਆ ਕਿ ਗੁਜਰਾਤ ਤੋਂ ਰਾਜਸਥਾਨ ਰਸਤੇ ਟਰੱਕ ਦੇ ਟੂਲ ਬਾਕਸ ਵਿੱਚ ਲੁਕਾ ਕੇ ਹੈਰੋਇਨ ਲਿਆਂਦੀ ਗਈ ਤੇ ਇਹ ਤਸਕਰੀ ਗੈਂਗਸਟਰ ਸੋਨੂੰ ਖੱਤਰੀ ਵੱਲੋਂ ਕਰਵਾ ਰਿਹਾ ਸੀ। ਪੁਲਿਸ ਨੇ ਦੋ ਦੋਸ਼ੀ ਫੜੇ ਹਨ, ਜਿਨ੍ਹਾਂਨੂੰ ਸੋਨੂੰ ਖੱਤਰੀ ਸੋਸ਼ਲ ਮੀਡੀਆ ਐਪ ਟੈਲੀਗਰਾਮ ਰਾਹੀਂ ਤਸਕਰੀ ਖੇਪਦੀਸੂਚਨਾ ਦਿੰਦਾ ਸੀ। ਆਈਜੀ ਪਰਮਾਰ ਨੇ ਦੱਸਿਆ ਕਿ ਫੜੇ ਗਏ ਦੋਵੇਂ ਦੋਸ਼ੀਕੁਲਵਿੰਦਰ ਰਾਮ ਅਤੇ ਬਿੱਟੂ ਬਲਾਚੌਰ ਦੇ ਵਸਨੀਕ ਹਨ। ਗੈਂਗਸਟਰ ਸੋਨੂੰ ਖੱਤਰੀ ਏ ਕੈਟਾਗਰੀ ਦਾ ਗੈਂਗਸਟਰ ਹੈ ਅਤੇ ਉਸ ਉਪਰ ਵੀਹ ਦੇ ਕਰੀਬ ਕੇਸਪਹਿਲਾਂ ਦਰਜ ਹਨ।ਇਹ ਲੋਕ ਦਿੱਲੀ ਤੇ ਜੰਮੂ ਕਸ਼ਮੀਰ ਦੇ ਉੜੀ ਵਿੱਚ ਵੀ ਹੈਰੋਇਨ ਭੇਜ ਚੁੱਕੇ ਹਨ। ਐਸਐਸਪੀ ਨੇ ਦੱਸਿਆ ਕਿ ਪੁਲੀਸ ਟੀਮਾਂ ਦੂਸਰੇ ਦੋਸ਼ੀਆਂ ਰਾਜੇਸ਼ ਕੁਮਾਰ ਉਰਫ ਸੋਨੂ ਖੱਤਰੀਅਤੇ ਸੋਮ ਨਾਥ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕਰਨ ਲੱਗੀਆਂ ਹੋਈਆਂ ਹਨ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਰਾਜੇਸ਼ ਕੁਮਾਰ ਉਰਫ਼ ਸੋਨੂੰ ਖੱਤਰੀ ਪੇਸ਼ੇਵਰ ਅਪਰਾਧੀ ਹੈ ਤੇ ਕਤਲ, ਸੱਟਾਂ ਮਾਰਨ, ਗੈਰ-ਕਾਨੂੰਨੀ ਗਤੀਵਿਧੀਆਂ, ਜਾਅਲਸਾਜ਼ੀ, ਨਸ਼ੀਲੇ ਪਦਾਰਥਾਂ ਬਾਰੇ ਐਕਟ ਅਤੇ ਐਕਸਾਈਜ਼ ਐਕਟ ਦੇ 19 ਤੋਂ ਵੱਧ ਕੇਸਾਂ ਦਾ ਦੋਸ਼ੀ ਹੈ। ਕੁਲਵਿੰਦਰ ਕਿੰਦਾ ਨੂੰ 3.45 ਕੁਇੰਟਲ ਭੁੱਕੀ ਦੀ ਬਰਾਮਦਗੀ ਲਈ ਨੂਰਮਹਿਲ ਥਾਣੇ ਵਿਖੇ ਦਰਜ ਕੀਤੇ ਗਏ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਅਦਾਲਤ ਨੇ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ।



## ਅੱਜ ਨਾਮਾ

ਇੰਜੀਨੀਅਰ ਹੁੰਦੇ ਬਣਾਉਣ ਨੂੰ ਘਰ ਮੀਆਂ,
ਪੁਲ ਬਣਾਉਣ ਦਾ ਕਾਰਜ ਵੀ ਕਰਨ ਮੀਆਂ।
ਸੋਹਣਿਆਂ ਘਰਾਂ ਦਾ ਉਹੀ ਬਣਾਉਣ ਨਕਸ਼ਾ,
ਸੋਹਣੀ ਥਾਂ ਉੱਪਰ ਨੀਂਹ ਉਹ ਧਰਨ ਮੀਆਂ।
ਗਲਤੀ-ਕਮੀ ਨਹੀਂ ਕਿਤੇ ਕੋਈ ਰਹਿ ਜਾਵੇ,
ਮੁੜ-ਮੁੜ ਚੈੱਕ ਕਰਦੇ ਨਾਲੇ ਡਰਨ ਮੀਆਂ।
ਪਰ ਜੇ ਨੀਤ ਦੇ ਅੰਦਰ ਕੁਝ ਖੋਟ ਆ ਜਾਏ,
ਭੁਲਾ ਕੇ ਫਰਜ਼ ਫਿਰ ਗੋਲਕਾਂ ਭਰਨ ਮੀਆਂ।
ਫੜਿਆ ਜਾਂਦਾ ਫਿਰ ਕੋਈ ਪੰਜਾਬ ਦੇ ਵਿੱਚ,
ਪਕੜਿਆ ਵਿੱਚ ਬਿਹਾਰ ਕੋਈ ਜਾਏ ਮੀਆਂ।
ਨਿਕਲਦੇ ਦੌਲਤ ਦੇ ਢੇਰ ਆ ਸਾਫ ਦਿੱਸਦੇ,
ਵਿੰਹਦੀਆਂ ਅੱਖਾਂ, ਯਕੀਨ ਨਾ ਆਏ ਮੀਆਂ।

**ਤੀਸ ਮਾਰ ਖਾਂ**

# ਮਾਲਕ ਨੇ ਆਪਣੀ ਚੋਰੀ ਹੋਈ ਬਾਈਕ ਪਛਾਣ ਕੇ ਦੋਸ਼ੀ ਫੜਿਆ

ਫਿਲੌਰ, 28 ਅਗਸਤ (ਪੋਸਟ ਬਿਊਰੋ)- ਪਿਛਲੇ ਦਿਨੀਂ ਮੇਲੇ ਦੌਰਾਨ ਚੋਰੀ ਹੋਇਆ ਮੋਟਰ ਸਾਈਕਲ ਪੀੜਤ ਨੇ ਕੱਲ੍ਹ ਕਿਸੇ ਹੋਰ ਵਿਅਕਤੀ ਨੂੰ ਚਲਾਉਂਦੇ ਦੇਖ ਕੇ ਪਛਾਣ ਲਿਆ। ਉਸ ਨੇ ਚੌਕਸੀ ਨਾਲ ਆਪਣੇ ਮੋਟਰ ਸਾਈਕਲ ਸਣੇ ਚਾਲਕ ਨੂੰ ਕਾਬੂ ਕਰ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਉਸ ਵਿਅਕਤੀ ਦਾ ਕਹਿਣਾ ਸੀ ਕਿ ਉਸ ਨੇ ਮੋਟਰ ਸਾਈਕਲ ਕਿਸੇ ਹੋਰ ਤੋਂ ਖਰੀਦਿਆ ਹੈ। ਪੁਲਸ ਇਸ ਬਾਰੇ ਜਾਂਚ ਕਰ ਰਹੀ ਹੈ।

ਪਿੰਡ ਹਰੀਪੁਰ ਦੇ ਵਾਸੀ ਸਾਹਿਲ ਨੇ ਦੱਸਿਆ ਕਿ ਬੀਤੀ 19 ਅਗਸਤ ਨੂੰ ਉਹ ਮੇਲਾ ਦੇਖਣ ਗਿਆ ਤਾਂ ਓਥੋਂ ਉਸ ਦਾ ਮੋਟਰ ਸਾਈਕਲ ਚੋਰੀ ਹੋ ਗਿਆ ਸੀ। ਇਸ ਬਾਰੇ ਉਸ ਨੇ ਥਾਣੇ ਵਿੱਚਅਰਜ਼ੀ ਦਿੱਤੀ ਸੀ। ਕੱਲ੍ਹ ਦੁਪਹਿਰੇ 1.30 ਵਜੇ ਦੇ ਕਰੀਬ ਸਾਹਿਲ ਕੁੜੀਆਂ ਵਾਲੇ ਸਕੂਲ ਨੇੜਲੇ ਚੌਕ ਵਿੱਚੋਂ ਲੰਘਣ ਲੱਗਾ ਤਾਂ ਉਸ ਨੇ ਆਪਣਾ ਚੋਰੀ ਹੋਇਆ ਮੋਟਰ ਸਾਈਕਲ ਪਛਾਣ ਲਿਆ, ਜੋ ਕੋਈ ਹੋਰ ਵਿਅਕਤੀ ਚਲਾ ਰਿਹਾ ਸੀ। ਉਸ ਨੇ ਉਕਤ ਮੋਟਰ ਸਾਈਕਲ ਸਮੇਤ ਚਾਲਕ ਨੂੰਫੜ ਕੇ ਫਿਲੌਰ ਪੁਲਸ ਦੇ ਹਵਾਲੇ ਕਰ ਦਿੱਤਾ। ਉਸ ਵਿਅਕਤੀ ਨੇ ਆਪਣਾ ਨਾਂਅ ਕਾਲੂ ਦੱਸਿਆ ਅਤੇ ਕਿਹਾ ਕਿ ਉਸ ਨੇ ਇਹ ਮੋਟਰ ਸਾਈਕਲ ਕਿਸੇ ਪਰਵਾਸੀ ਮਜ਼ਦੂਰ ਤੋਂ 5000 ਰੁਪਏ ਦਾ ਖਰੀਦਿਆ ਹੈ। ਸਾਹਿਲ ਨੇ ਦੱਸਿਆ ਕਿ ਮੋਟਰ ਸਾਈਕਲ ਦੀਆਂ ਨੰਬਰ ਪਲੇਟਾਂ ਲਾਹੀਆਂ ਹੋਈਆਂ ਸਨ। ਡੀ ਐਸ ਪੀ ਫਿਲੌਰ ਜਗਦੀਸ਼ ਰਾਜ ਨੇ ਕਿਹਾ ਕਿ ਉਹ ਮੋਟਰ ਸਾਈਕਲ ਚੋਰੀ ਦੀ ਜਾਂਚ ਕਰਵਾ ਰਹੇ ਹਨ ਅਤੇ ਇਸ ਦੇ ਬਾਅਦ ਪਰਚਾ ਦਰਜ ਕੀਤਾ ਜਾਵੇਗਾ।

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
■ ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
■ ਧਰਨ ਚੁਕ ਅਤੇ ਬੈਕ ਪਰਾਬਲਮ
■ ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
■ ਮੈਂਟਲ ਹੈਲਥ ਪਰਾਬਲਮ
■ ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਵਿਜੀਲੈਂਸ ਭਾਰਤ ਭੂਸ਼ਣ ਆਸ਼ੂ ਦੇ ਦੁਬਈ ਨਿਵੇਸ਼ ਦੀ ਜਾਂਚ ਵਿੱਚ ਲੱਗੀ

*** ਆਸ਼ੂ ਦਾ ਕਰੀਬੀ ਦੁਬਈ ਵਿੱਚ ਇੱਕ ਹੋਟਲ ਦਾ ਨਿਵੇਸ਼ਕ * ਬੈਗ ਦੀ ਚਰਚਾ ਪਿੱਛੋਂ ਪੀ ਏ ਇੰਦਰਜੀਤ ਵੀ ਨਾਮਜ਼ਦ**

ਲੁਧਿਆਣਾ, 28 ਅਗਸਤ (ਪੋਸਟ ਬਿਊਰੋ)- ਅਨਾਜ ਢੁਆਈ ਕੇਸ ਵਿੱਚ ਗ੍ਰਿਫਤਾਰ ਪੰਜਾਬ ਦੇ ਸਾਬਕਾ ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਦੁਬਈ ਵਿਚ ਨਿਵੇਸ਼ ਦੀ ਵਿਜੀਲੈਂਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।




ਪਤਾ ਲੱਗਾ ਹੈ ਕਿ ਵਿਜੀਲੈਂਸ ਦੁਬਈ ਵਿੱਚ ਬਣੇ ਇੱਕ ਹੋਟਲ ਦੀ ਜਾਂਚ ਕਰ ਰਹੀ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਹੋਟਲ ਵਿੱਚ ਸ਼ਹਿਰ ਦੇ ਨਾਮੀ ਨਿਵੇਸ਼ਕ ਦਾ ਪੈਸਾ ਲੱਗਾ ਹੈ ਅਤੇ ਉਹ ਸਾਬਕਾ ਮੰਤਰੀ ਆਸ਼ੂ ਦਾ ਕਰੀਬੀ ਰਿਹਾ ਹੈ। ਇਸ ਪੂਰੇ ਕੇਸਦੀ ਜਾਂਚ ਵਿਜੀਲੈਂਸ ਦੇ ਐਸ ਐਸ ਪੀ ਰਵਿੰਦਰਪਾਲ ਸਿੰਘ ਸੰਧੂ ਕਰ ਰਹੇ ਹਨ। ਵਿਜੀਲੈਂਸ ਸੂਤਰਾਂ ਅਨੁਸਾਰ ਇਸ ਤੋਂ ਪਹਿਲਾਂ ਵਿਜੀਲੈਂਸ ਨੇ ਲੁਧਿਆਣਾ ਵਿੱਚ ਕਰੀਬ ਚਾਲੀ ਵੱਡੀਆਂ ਇਮਾਰਤਾਂ ਬਾਰੇ ਪ੍ਰਾਪਰਟੀ ਡੀਲਰਾਂ ਤੋਂ ਪੁੱਛਗਿੱਛ ਕੀਤੀ ਹੈ ਅਤੇ ਲੁਧਿਆਣਾ-ਚੰਡੀਗੜ੍ਹ ਰੋਡ ਉੱਤੇ ਬਣਦਾ ਇੱਕ ਵੱਡਾ ਰਿਹਾਇਸ਼ੀ ਪ੍ਰੋਜੈਕਟ ਵੀ ਵਿਜੀਲੈਂਸ ਦੀ ਜਾਂਚ ਦੇ ਘੇਰੇ ਵਿੱਚ ਹੈ। ਇਸ ਪ੍ਰੋਜੈਕਟ ਵਿੱਚ ਕਿਸ ਦਾ ਪੈਸਾ ਲੱਗਾ ਹੈ, ਵਿਜੀਲੈਂਸ ਇਹ ਜਾਂਚ ਕਰ ਸਕਦੀ ਹੈ।

ਇਸ ਦੌਰਾਨ ਚਾਰ ਦਿਨਾ ਰਿਮਾਂਡ ਮੁੱਕਣ ਪਿੱਛੋਂ ਵਿਜੀਲੈਂਸ ਨੇ ਕੱਲ੍ਹ ਫਿਰ ਆਸ਼ੂ ਨੂੰ ਡਿਊਟੀ ਮੈਜਿਸਟਰੇਟ ਆਰਤੀ ਸ਼ਰਮਾ ਦੀ ਅਦਾਲਤ ਵਿੱਚ ਪੇਸ਼ ਕੀਤਾ ਅਤੇ ਦੱਸਿਆ ਕਿ ਆਸ਼ੂ ਦੇ ਨੇੜੂ ਲੋਕਾਂ ਨੇ ਵੱਡੀ ਪੱਧਰ ਉੱਤੇ ਪ੍ਰਾਪਰਟੀ ਬਣਾਈ ਹੈ ਅਤੇ ਆਸ਼ੂ ਦੇ ਸੀ ਏ ਨੂੰ ਜਾਇਦਾਦ ਦਾ ਰਿਕਾਰਡ ਪੇਸ਼ ਕਰਨ ਲਈ ਬੁਲਾਇਆ ਹੈ, ਪਰ ਉਸ ਨੇ ਸਮਾਂ ਮੰਗਿਆ ਹੈ। ਵਿਜੀਲੈਂਸ ਨੇ ਸੱਤ ਦਿਨ ਦੇ ਰਿਮਾਂਡ ਦੀ ਮੰਗ ਰੱਖੀ, ਪਰ ਅਦਾਲਤ ਨੇ ਦੋ ਦਿਨ ਰਿਮਾਂਡ ਦਿੱਤਾ। ਵਿਜੀਲੈਂਸ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਕਾਂਗਰਸੀ ਨੇਤਾ ਵਿਜੀਲੈਂਸ ਦਫਤਰ ਅੱਗੇਧਰਨਾ ਦੇ ਰਹੇ ਹਨ, ਇਸ ਨਾਲ ਜਾਂਚ ਪ੍ਰਭਾਵਤ ਹੋ ਰਹੀਹੈ, ਇਸ ਧਰਨੇ ਨੂੰ ਹਟਾਇਆ ਜਾਏ। ਪੁਲਸ ਨੇ ਦੱਸਿਆ ਕਿ ਵਿਜੀਲੈਂਸ ਦਫਤਰ ਦੇ ਬਾਹਰ ਸ਼ਿਕਾਇਤਕਰਤਾ ਨੂੰ ਧਮਕਾਇਆ ਗਿਆ ਹੈ ਤੇਓਥੇ ਆਉਂਦੇ ਲੋਕਾਂ ਉੱਤੇ ਦਬਾਅ ਰਹਿੰਦਾ ਹੈ, ਪਰ ਅਦਾਲਤ ਨੇ ਟਿੱਪਣੀ ਨਹੀਂ ਕੀਤੀ।

ਅਨਾਜ ਢੁਆਈ ਕੇਸਵਿੱਚ ਡਾਇਰੀ ਦੇ ਬਾਅਦ ਇੱਕ ਬੈਗ ਵੀ ਚਰਚਾ ਵਿੱਚ ਆ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਵਿਜੀਲੈਂਸ ਦੇ ਹੱਥ ਇੱਕ ਵੀਡੀਓ ਲੱਗੀ ਹੈ, ਜਿਸ ਵਿੱਚ ਸਾਬਕਾ ਮੰਤਰੀ ਆਸ਼ੂ ਦਾ ਬੇਹੱਦ ਕਰੀਬੀ ਅਤੇ ਪੀ ਏ ਵਜੋਂ ਕੰਮ ਕਰਨ ਵਾਲਾ ਇੰਦਰਜੀਤ ਸਿੰਘ ਇੰਦਰੀ ਕਿਸੇ ਅਣਪਛਾਤੇ ਵਿਅਕਤੀ ਤੋਂ ਇੱਕ ਵੱਡਾ ਬੈਗ ਲੈਂਦਾ ਦਿੱਸਦਾ ਹੈ। ਇਸ ਕੇਸ ਵਿੱਚ ਇੰਦਰੀ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਵਿਜੀਲੈਂਸ ਨੂੰ ਸ਼ੱਕ ਹੈ ਕਿ ਇਸ ਬੈਗ ਵਿੱਚ ਰੁਪਏ ਸਨ। ਆਸ਼ੂ ਦੇ ਵਕੀਲਾਂ ਨੇ ਕਿਹਾ ਕਿ ਬੈਗ ਕਿਸੇ ਨੇਲਿਆ ਤੇ ਕਿਸੇ ਨੇ ਦਿੱਤਾ ਤਾਂ ਇਸ ਨਾਲ ਆਸ਼ੂ ਦਾ ਕੀ ਸਬੰਧ ਹੋ ਸਕਦਾ ਹੈ। ਪਤਾ ਲੱਗਾ ਹੈ ਕਿ ਬੀਤੀ 22 ਅਗਸਤ ਨੂੰ ਜਦ ਵਿਜੀਲੈਂਸ ਆਸ਼ੂ ਦੇ ਘਰ ਛਾਪੇਮਾਰੀ ਕਰ ਰਹੀ ਸੀ, ਇਹ ਵੀਡੀਓ ਓਦੋਂ ਦਾ ਹੈ। ਵਿਜੀਲੈਂਸ ਨੇ ਇਹ ਰਿਕਾਰਡਿੰਗ ਕ੍ਰਿਸ਼ਨਾ ਮੰਦਰ ਨੇੜਲੇ ਸੀ ਸੀ ਟੀ ਵੀ ਕੈਮਰੇ ਤੋਂ ਲਈ ਹੈ।

ਆਸ਼ੂ ਨੂੰ ਅਦਾਲਤ ਪੇਸ਼ ਕਰਨ ਤੋਂ ਪਹਿਲਾਂ ਵਿਜੀਲੈਂਸ ਨੇ ਮੇਅਰ ਬਲਕਾਰ ਸਿੰਘ ਸੰਧੂ ਤੋਂ ਵੀ ਕਰੀਬ ਡੇਢ ਘੰਟਾਪੁੱਛਗਿੱਛ ਕੀਤੀ। ਮੇਅਰ ਨੇ ਦੱਸਿਆ ਕਿ ਉਨ੍ਹਾਂ ਨੇ ਪੁੱਛੇ ਗਏ ਸਵਾਲਾਂ ਦਾਜਵਾਬ ਦਿੱਤਾ ਹੈ, ਸਵਾਲ ਬਾਰੇ ਨਹੀਂ ਦੱਸਿਆ।ਭਾਰਤ ਭੂਸ਼ਣ ਆਸ਼ੂ ਦੀ ਅਦਾਲਤ ਵਿੱਚ ਪੇਸ਼ੀ ਮਗਰੋਂ ਸ਼ਾਮ ਨੂੰ ਕੌਂਸਲਰ ਗਗਨਦੀਪ ਸਿੰਘ ਉਰਫ ਸੰਨੀ ਭੱਲਾ ਵਿਜੀਲੈਂਸ ਦਫਤਰ ਪਹੁੰਚੇ। ਉਨ੍ਹਾਂ ਤੋਂ ਦੇਰ ਸ਼ਾਮ ਤਕ ਪੁੱਛਗਿੱਛ ਕੀਤੀ ਗਈ। ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਤੋਂ ਆਸ਼ੂ ਅਤੇ ਮੀਨੂ ਮਲਹੋਤਰਾ ਦੀਆਂ ਜਾਇਦਾਦਾਂ ਦੇ ਬਾਰੇ ਸਵਾਲ ਪੁੱਛੇ ਗਏ।












# ਭਾਰਤ ਦੇ ਲੋਕਾਂ ਤੇ ਲੀਡਰਾਂ ਨੂੰ ਕੌਣ ਦੱਸੇਗਾ ਕਿ ਭਲਕ ਸੰਵਾਰਨ ਲਈ ਅੱਜ ਵਿੱਚ ਜੀਣਾ ਸਿੱਖਣਾ ਚਾਹੀਦੈ!


ਭਾਰਤ ਦੀਆਂ ਜਿਹੜੀਆਂ ਵਿਧਾਨ ਸਭਾਵਾਂ ਦੀ ਮਿਆਦ ਇਸ ਸਾਲ ਪੁੱਗਣ ਵਾਲੀ ਹੈ, ਉਨ੍ਹਾਂ ਵਿੱਚੋਂ ਦੋ ਰਾਜਾਂ ਦੀਆਂ ਚੋਣਾਂ ਸਾਲ ਦੇ ਅੰਤ ਤੱਕ ਹੋ ਜਾਣੀਆਂ ਹਨ। ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਾਲੇ ਇਨ੍ਹਾਂ ਦੋਵਾਂ ਰਾਜਾਂ ਦੇ ਲੋਕਾਂ ਨੇ ਪਿਛਲੀ ਵਾਰੀ ਸਾਲ 2017 ਵਿੱਚ ਅੱਗੜ-ਪਿੱਛੜ ਦਸੰਬਰ ਵਿੱਚ ਵੋਟਾਂ ਪਾਈਆਂ ਤੇ ਦੋਵਾਂ ਰਾਜਾਂ ਦਾ ਨਤੀਜਾ ਅਠਾਰਾਂ ਦਸੰਬਰ ਨੂੰ ਨਿਕਲਿਆ ਸੀ।ਲੱਗਦਾ ਹੈ ਕਿ ਇਸ ਵਾਰ ਵੀ ਇਨ੍ਹਾਂ ਦੋ ਰਾਜਾਂ ਵਿੱਚ ਦਸੰਬਰ ਚੜ੍ਹਨ ਤੱਕ ਵੋਟਾਂ ਪੈਣ ਵਾਲਾ ਅਮਲ ਪੂਰਾ ਹੋ ਜਾਵੇਗਾ ਅਤੇ ਨਤੀਜਾ ਅੱਧ ਦਸੰਬਰ ਦੇ ਅੱਗੇ-ਪਿੱਛੇ ਹੀ ਆਵੇਗਾ। ਚੋਣ ਕਮਿਸ਼ਨ ਕੋਲ ਇਹ ਅਧਿਕਾਰ ਹੁੰਦਾ ਹੈ ਕਿ ਕਿਸੇ ਵਿਧਾਨ ਸਭਾ ਦੀ ਮਿਆਦ ਕੁਝ ਹਫਤੇ ਰਹਿੰਦੀ ਵੀ ਹੋਵੇ ਤਾਂ ਕੁਝ ਦਿਨ ਅਗੇਤੀ ਚੋਣ ਲਈ ਪ੍ਰੋਗਰਾਮ ਐਲਾਨ ਕਰ ਸਕਦਾ ਹੈ, ਤਾਂ ਕਿ ਕਿਸੇ ਰਾਜ ਦੇ ਚੋਣ ਨਤੀਜੇ ਦਾ ਅਸਰ ਇਸ ਜਾਂ ਉਸ ਦੂਸਰੇ ਰਾਜ ਦੇ ਲੋਕਾਂ ਉੱਤੇ ਪੈਣ ਦਾ ਸੰਸਾ ਨਾ ਰਹੇ। ਚੋਣ ਤਰੀਕਾਂ ਅਮਰੀਕਾ ਦੀ ਰਾਸ਼ਟਰਪਤੀ ਚੋਣ ਵਾਂਗ ਪੱਕੀਆਂ ਨਹੀਂ ਹੁੰਦੀਆਂ। ਪੰਜਾਬ ਵਿੱਚ ਪਿਛਲੇ ਫਰਵਰੀ ਵਿੱਚ ਜਦੋਂ ਵੋਟਾਂ ਪੈਣ ਦੀ ਤਰੀਕ ਮਿਥੀ ਸੀ ਤਾਂ ਇੱਕ ਭਾਈਚਾਰੇ ਦੇ ਧਾਰਮਿਕ ਸਮਾਗਮਾਂ ਦੀਆਂ ਤਰੀਕਾਂ ਨਾਲ ਜੁੜ ਜਾਣ ਕਰ ਕੇ ਵੋਟਾਂ ਪਾਉਣ ਦੀ ਤਰੀਕ ਚਾਰ ਦਿਨ ਬਾਅਦ ਵੀਹ ਫਰਵਰੀ ਕਰਨੀ ਪਈ ਸੀ। ਕਿਸੇ ਵੀ ਰਾਜ ਦੇ ਲੋਕਾਂ ਦੀ ਇਹੋ ਜਿਹੇ ਸਮਾਗਮਾਂ ਦੀ ਸ਼ਰਧਾ ਕਾਰਨ ਚੋਣ ਕਮਿਸ਼ਨ ਏਦਾਂ ਦਾ ਫੈਸਲਾ ਲੈ ਸਕਦਾ ਹੈ, ਪਰ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਏਦਾਂ ਦੀ ਕੋਈ ਮਜਬੂਰੀ ਵੀ ਬਣ ਗਈ ਤਾਂ ਚੋਣਾਂ ਦਾ ਅਮਲ ਅੱਧ ਦਸੰਬਰ ਤੱਕ ਮੁਕੰਮਲ ਹੋ ਜਾਵੇਗਾ।

ਬੀਤੇ ਫਰਵਰੀ ਵਿੱਚ ਪੰਜ ਰਾਜਾਂ ਦੀਆਂ ਚੋਣਾਂ ਮੌਕੇ ਭਾਜਪਾ ਆਪਣੇ ਗੋਆ, ਉੱਤਰਾ ਖੰਡ ਅਤੇ ਉੱਤਰ ਪ੍ਰਦੇਸ਼ ਦੇ ਸਿਆਸੀ ਕਿਲ੍ਹੇ ਬਚਾਉਣ ਵਿੱਚ ਕਾਮਯਾਬ ਰਹੀ ਸੀ, ਪਰ ਕਾਂਗਰਸ ਪਾਰਟੀ ਅੱਗੇ ਵਧਣ ਦੀ ਥਾਂ ਪੰਜਾਬ ਦਾ ਪਿਛਲੇ ਪੰਜ ਸਾਲਾਂ ਤੋਂ ਚੱਲਦਾ ਰਾਜ ਵੀ ਗੁਆ ਬੈਠੀ ਸੀ। ਉਨ੍ਹਾਂ ਚੋਣਾਂ ਵਿੱਚ ਖਾਸ ਘਟਨਾ ਇਹ ਰਹੀ ਕਿ ਪੰਜਾਬ ਵਿੱਚ ਪਹਿਲੀ ਵਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਇਸ ਨਾਲ ਉਹ ਪਾਰਟੀ ਦਿੱਲੀ ਤੋਂ ਬਾਅਦ ਦੋ ਰਾਜਾਂ ਵਿੱਚ ਆਪਣੇ ਸਿਰ ਬਹੁ-ਗਿਣਤੀ ਨਾਲ ਸਰਕਾਰਾਂ ਚਲਾਉਣ ਵਾਲੀ ਪਾਰਟੀ ਦਾ ਦਰਜਾ ਹਾਸਲ ਕਰ ਗਈ ਸੀ। ਉਸ ਨਤੀਜੇ ਦਾ ਅਸਰ ਕਈ ਤਰ੍ਹਾਂ ਵੇਖਿਆ ਜਾਂਦਾ ਰਿਹਾ ਤੇ ਦੋਵੇਂ ਪਾਰਟੀਆਂ ਭਾਜਪਾ ਅਤੇ ਆਮ ਆਦਮੀ ਪਾਰਟੀ ਉਸ ਨਤੀਜੇ ਨਾਲ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਵਾਲੇ ਦੋਵਾਂ ਰਾਜਾਂ ਵਿੱਚ ਅਗਲੇ ਚੋਣ-ਭੇੜ ਵਾਸਤੇ ਤਿਆਰ ਹੋਈਆਂ ਫਿਰਦੀਆਂ ਹਨ। ਆਜ਼ਾਦੀ ਮਿਲਣ ਦੇ ਬਾਅਦ ਜਿਹੜੀ ਕਾਂਗਰਸ ਪਾਰਟੀ ਲੰਮਾ ਸਮਾਂ ਦੇਸ਼ ਉੱਤੇ ਵੀ ਅਤੇ ਬਹੁ-ਗਿਣਤੀ ਰਾਜਾਂ ਵਿੱਚ ਵੀ ਰਾਜ ਕਰਦੀ ਰਹੀ ਸੀ, ਉਹ ਇਸ ਵਕਤ ਅਸਲੋਂ ਸਾਹ-ਸਤ ਛੱਡੀ ਬੈਠੀ ਜਾਪਦੀ ਹੈ ਅਤੇ ਭਾਜਪਾ ਇਨ੍ਹਾਂ ਦੋ ਰਾਜਾਂ ਵਿੱਚ ਅਗਲੇ ਚੋਣ ਘੋਲ ਮੌਕੇ ਆਮ ਆਦਮੀ ਪਾਰਟੀ ਨਾਲ ਟੱਕਰ ਦੇ ਸੰਕੇਤ ਵੇਖ ਰਹੀ ਹੈ। ਆਮ ਆਦਮੀ ਪਾਰਟੀ ਕੁਝ ਬਾਹਲੇ ਵੱਡੇ ਸੁਫਨੇ ਲੈਣ ਲੱਗੀ ਹੈ ਅਤੇ ਇਸ ਦੇ



ਬਹੁਤ ਸਾਰੇ ਆਗੂ ਤਾਂ ਆਪਣੇ ਲੀਡਰ ਅਰਵਿੰਦ ਕੇਜਰੀਵਾਲ ਨੂੰ ਅਗਲੀਆਂ ਪਾਰਲੀਮੈਂਟ ਚੋਣਾਂ ਮੌਕੇ ਨਰਿੰਦਰ ਮੋਦੀ ਦੇ ਮੂਹਰੇ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਾ ਕੇ ਵੀ ਪੇਸ਼ ਕਰਨ ਲੱਗੇ ਹਨ।

ਏਥੇ ਆਣ ਕੇ ਸਥਿਤੀ ਵਿੱਚ



ਜਤਿੰਦਰ ਪੰਨੂ

ਵੱਡੀ ਤਬਦੀਲੀ ਆ ਜਾਂਦੀ ਹੈ। ਦੇਸ਼ ਦੀ ਸਭ ਤੋਂ ਵੱਡੀ ਸਿਆਸੀ ਪਦਵੀ ਦਾ ਸੁਫਨਾ ਲੈਣ ਵਾਲਿਆਂ ਦੀ ਲਾਈਨ ਬਹੁਤ ਵੱਡੀ ਹੈ। ਇੱਕ ਵਾਰੀ ਲੋਕ ਸਭਾ ਵਿੱਚ ਇਹ ਦੂਸ਼ਣਬਾਜ਼ੀ ਹੋਈ ਕਿ ਫਲਾਣੇ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਸੁਫਨੇ ਆਉਂਦੇ ਹਨ। ਫਿਰ ਕਈ ਲੋਕਾਂ ਉੱਤੇ ਇਹੋ ਦੋਸ਼ ਲੱਗਣ ਲੱਗ ਪਿਆ ਅਤੇ ਹਰ ਕੋਈ ਇਹੋ ਕਹੀ ਜਾਵੇ ਕਿ ਮੈਨੂੰ ਏਦਾਂ ਦੀ ਕਿਸੇ ਕੁਰਸੀ ਦਾ ਲਾਲਚ ਨਹੀਂ। ਲਾਲੂ ਪ੍ਰਸਾਦ ਉੱਠਿਆ ਅਤੇ ਕਹਿਣ ਲੱਗਾ ਕਿ ਇਹ ਸਭ ਲੋਕ ਝੂਠ ਬੋਲਦੇ ਹਨ, ਕਿਸ ਨੂੰ ਇਸ ਵੱਡੀ ਕੁਰਸੀ ਦਾ ਸੁਫਨਾ ਨਹੀਂ ਆਉਂਦਾ, ਮੈਨੂੰ ਤਾਂ ਰੋਜ਼ ਰਾਤ ਨੂੰ ਸੁਫਨਾ ਆਉਂਦਾ ਹੈ ਕਿ ਮੈਨੂੰ ਪ੍ਰਧਾਨ ਮੰਤਰੀ ਬਣਨਾ ਚਾਹੀਦਾ ਹੈ। ਉਸ ਦੀ ਗੱਲ ਸੱਚੀ ਸੀ। ਭਾਰਤ ਵਿੱਚ ਇਹ ਪਦਵੀ 'ਇੱਕ ਅਨਾਰ ਅਤੇ ਸੌ ਬਿਮਾਰ' ਦੇ ਮੁਹਾਵਰੇ ਵਰਗੀ ਹੈ, ਕਈਆਂ ਨੂੰ ਇਸ ਦਾ ਸੁਫਨਾ ਆਉਂਦਾ ਹੈ ਤੇ ਏਦਾਂ ਦੇ ਲੋਕਾਂ ਵਿੱਚ ਨਿਤੀਸ਼ ਕੁਮਾਰ ਦਾ ਨਾਂਅ ਵੀ ਹੈ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ। ਅੱਧੀ ਸਦੀ ਸਿਆਸੀ ਮੈਦਾਨ ਵਿੱਚ ਰਹਿ ਚੁੱਕਾ ਆਗੂ ਏਦਾਂ ਦਾ ਸੁਫਨਾ ਲੈਂਦਾ ਹੈ ਤਾਂ ਗਲਤ ਨਹੀਂ ਕਰਦਾ, ਪਰ ਸਵਾਲ ਸੁਫਨੇ ਦਾ ਨਹੀਂ, ਸੁਫਨੇ ਲਈ ਸਾਥ ਦੇਣ ਵਾਲੀ ਫੌਜ ਦਾ ਹੈ। ਬਿਹਾਰ ਦਾ ਮੁੱਖ ਮੰਤਰੀ ਕਈ ਵਾਰੀ ਰਾਜਸੀ ਪਲਟੀਆਂ ਮਾਰ ਕੇ ਅੱਜ ਅੱਠਵੀ ਵਾਰੀ ਓਸੇ ਅਹੁਦੇ ਦੀ ਸਹੁੰ ਚੁੱਕਣ ਦੇ ਬਾਅਦ ਇੱਕ ਹੋਰ ਰਿਕਾਰਡ ਬਣਾ ਚੁੱਕਾ ਹੈ ਕਿ ਉਸ ਦੀਆਂ ਏਨੀਆਂ ਵਾਰੀਆਂ ਦੀ ਔਸਤ ਇੱਕ ਸਾਲ ਤੋਂ ਮਸਾਂ ਢਾਈ ਮਹੀਨੇ ਉੱਪਰ ਦੀ ਬਣਦੀ ਹੈ, ਜਦ ਕਿ ਮੁੱਖ ਮੰਤਰੀ ਪੰਜ ਸਾਲ ਰਹਿਣਾ ਚਾਹੀਦਾ ਹੈ। ਇਸ ਦੇ ਬਾਵਜੂਦ ਉਸ ਨਾਲ ਜੁੜੀਆਂ ਪਾਰਟੀਆਂ ਦੇ ਗੱਠਜੋੜ ਨੇ ਉਸ ਨੂੰ ਅਗਲੀ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁਕਾਬਲੇ ਦਾ ਉਮੀਦਵਾਰ ਬਣਾ ਕੇ ਪੇਸ਼ ਕਰਨ ਵਿੱਚ ਦੇਰ ਨਹੀਂ ਲਾਈ। ਉਨ੍ਹਾਂ ਨੂੰ ਨਿਤੀਸ਼ ਕੁਮਾਰ ਨਾਲ ਮਤਲਬ ਨਹੀਂ, ਇੱਕ ਉਮੀਦਵਾਰ ਚਾਹੀਦਾ ਹੈ।

ਨਿਤੀਸ਼ ਕੁਮਾਰ ਤੋਂ ਪਹਿਲਾਂ ਕਿਸੇ ਸਮੇਂ ਮਮਤਾ ਬੈਨਰਜੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਬਣਾਉਣ ਦੇ ਚਰਚੇ ਹੁੰਦੇ ਸਨ, ਕਿਸੇ ਸਮੇਂ ਸ਼ਰਦ ਪਵਾਰ ਦੀ ਚਰਚਾ ਵੀ ਹੁੰਦੀ ਸੀ ਤੇ ਉਸ ਤੋਂ ਪਹਿਲਾਂ ਮੁਲਾਇਮ ਸਿੰਘ ਯਾਦਵ ਦੇ ਨਾਂਅ ਦੀ ਚਰਚਾ ਵੀ ਹੋ ਚੁੱਕੀ ਸੀ। ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਜਿਸ ਦੇ ਨਾਂਅ ਦੀ ਚਰਚਾ ਹੁੰਦੀ ਹੋਵੇ, ਸਮਾਂ ਆਏ ਤੋਂ ਪ੍ਰਧਾਨ ਮੰਤਰੀ ਵੀ ਉਹ ਹੀ ਬਣੇ, ਕਈ ਵਾਰੀ ਕਿਸੇ ਹੋਰ ਨਾਂਅ ਦੀ ਚਰਚਾ ਹੋਈ ਤੇ ਪ੍ਰਧਾਨ ਮੰਤਰੀਕੋਈ ਹੋਰ ਬਣਦਾ ਵੀ ਵੇਖਿਆ ਗਿਆ ਹੈ। ਨਰਸਿਮਹਾ ਰਾਓ ਦੇ ਬਾਅਦ ਬਹੁਤੀਆਂ ਸੀਟਾਂ ਭਾਜਪਾ ਦੀਆਂ ਆਈਆਂ, ਪਰ ਬਹੁਤੀਆਂ ਹੋ ਕੇ ਵੀ ਉਨ੍ਹਾਂ ਦੇ ਗੱਠਜੋੜ ਸਮੇਤ ਬਹੁ-ਸੰਮਤੀ ਨਹੀਂ ਸੀ ਬਣਦੀ। ਉਨ੍ਹਾਂ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੇ ਅਹੁਦਾ ਸੰਭਾਲ ਲਿਆ, ਪਰ ਤੇਰਾਂ ਦਿਨਾਂ ਪਿੱਛੋਂ ਅਸਤੀਫਾ ਦੇਣਾ ਪਿਆ। ਉਸ ਦੀ ਥਾਂ ਕਰਨਾਟਕ ਦੇ ਮੁੱਖ ਮੰਤਰੀ ਹਰਦਨਹੱਲੀ ਡੋਡੇਗੌੜਾ ਦੇਵੇਗੌੜਾ ਨੂੰ ਇਹ ਕੁਰਸੀ ਮਿਲ ਗਈ ਸੀ, ਜਿਸ ਦੇ ਨਾਂਅ ਦੀ ਕਦੀ ਚਰਚਾ ਤੱਕ ਨਹੀਂ ਸੀ ਚੱਲੀ। ਕਾਰਨ ਇਹ ਸੀ ਕਿ ਓਦੋਂ ਕਾਂਗਰਸ ਦੀ ਹਮਾਇਤ ਨਾਲ ਰਾਜ ਕਰਨ ਲਈ ਤਿਆਰ ਹੋਏ ਗੱਠਜੋੜ ਅੱਗੇ ਲੱਗਣ ਵਾਲੀ ਪਾਰਟੀ ਜਨਤਾ ਦਲ ਦੇ ਲੋਕ ਸਭਾ ਮੈਂਬਰਾਂ ਵਿੱਚ ਸਭ ਤੋਂ ਵੱਧ ਗਿਣਤੀਕਰਨਾਟਕ ਤੋਂ ਆਈ ਸੀ।ਕਾਂਗਰਸ ਨੇ ਜਦੋਂ ਉਸ ਦੀ ਹਮਾਇਤ ਅਗਲੇ ਸਾਲ ਵਾਪਸ ਲੈ ਲਈ ਅਤੇ ਪ੍ਰਧਾਨ ਮੰਤਰੀ ਬਦਲਣ ਨੂੰ ਕਹਿ ਦਿੱਤਾ ਤਾਂ ਗੱਠਜੋੜ ਦੀ ਸਹਿਮਤੀ ਉਸ ਵਕਤ ਮੁਲਾਇਮ ਸਿੰਘ ਯਾਦਵ ਦੇ ਪੱਖ ਵਿੱਚ ਬਣਦੀ ਸੀ, ਪਰ ਕਾਂਗਰਸ ਨਹੀਂ ਸੀ ਮੰਨੀ। ਗੱਠਜੋੜ ਦੀ ਮੀਟਿੰਗ ਕਰਦੇ ਸੀਨੀਅਰ ਲੀਡਰਾਂ ਵਿੱਚ ਇੰਦਰ ਕੁਮਾਰ ਗੁਜਰਾਲ ਮੌਜੂਦ ਨਹੀਂ ਸੀ, ਕਿਉਂਕਿ ਉਹ ਇਸ ਅਹੁਦੇ ਵਾਸਤੇ ਕਿਸੇ ਚਰਚਾ ਵਿੱਚ ਹੀ ਨਹੀਂ ਸੀ, ਪਰ ਸਹਿਮਤੀ ਉਸ ਦੇ ਨਾਂਅ ਉੱਤੇ ਬਣ ਗਈ ਤੇ ਘਰੋਂ ਸੱਦ ਕੇ ਉਸ ਨੂੰ ਰਾਜ ਗੱਦੀ ਸੌਂਪ ਦਿੱਤੀ ਗਈ ਸੀ।

ਦੇਵਗੌੜਾ ਅਤੇ ਗੁਜਰਾਲ ਦੀ ਅਗਵਾਈ ਵਾਲੀਆਂ ਸਰਕਾਰਾਂ ਦਾ ਤਜਰਬਾ ਫੇਲ੍ਹ ਹੋਣ ਮਗਰੋਂ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਛੇ ਸਾਲ ਰਾਜ ਕਰ ਲਿਆ ਤਾਂ ਅਗਲੀ ਵਾਰੀ ਕਾਂਗਰਸ ਦੀ ਅਗਵਾਈ ਵਾਲਾ ਗੱਠਜੋੜ ਜਿੱਤ ਗਿਆ ਤੇ ਜੇਤੂ ਗੱਠਜੋੜ ਦੀ ਲੀਡਰ ਵਜੋਂ ਸੋਨੀਆ ਗਾਂਧੀ ਦੇ ਨਾਂਅ ਉੱਤੇ ਸਹਿਮਤੀ ਹੋਈ, ਪਰ ਉਹ ਬਣ ਨਹੀਂ ਸਕੀ। ਜਿਹੜੇ ਡਾਕਟਰ ਮਨਮੋਹਨ ਸਿੰਘ ਨੂੰ ਕਦੇ ਕਿਸੇ ਨੇ ਆਗੂ ਨਹੀਂ ਮੰਨਿਆ ਤੇ ਪ੍ਰਧਾਨ ਮੰਤਰੀ ਬਣਨ ਮਗਰੋਂ ਵੀ ਉਹ ਆਗੂ ਨਹੀਂ ਬਣ ਸਕਿਆ, ਉਸ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਮਿਲ ਗਿਆ ਸੀ। ਉਸ ਨੇ ਇਹ ਸੋਚਿਆ ਵੀ ਨਹੀਂ ਸੀ। ਪਿਛਲੇ ਇਨ੍ਹਾਂ ਅਣਗੌਲੇ ਚਿਹਰਿਆਂ ਦੇ ਪ੍ਰਧਾਨ ਮੰਤਰੀ ਬਣ ਜਾਣ ਵਾਂਗ ਕਦੇ ਅਗਲੀ ਕਿਸੇ ਵਾਰੀ ਇਹੋ ਜਿਹੀ ਸਥਿਤੀ ਬਣੀ ਤਾਂ ਜ਼ਰੂਰੀ ਨਹੀਂ ਕਿ ਕਿਸੇ ਨਿਤੀਸ਼ ਕੁਮਾਰ, ਕਿਸੇ ਮਮਤਾ ਬੈਨਰਜੀ, ਕਿਸੇ ਅਰਵਿੰਦ ਕੇਜਰੀਵਾਲ ਦੇ ਨਾਂਅ ਦੁਆਲੇ ਸਹਿਮਤੀ ਬਣੇ, ਓਦੋਂ ਵੀ ਕੋਈਅਣਗੌਲਿਆ ਚਿਹਰਾ ਅਚਾਨਕ ਬਾਕੀ ਸਾਰਿਆਂ ਦਾ ਰਸਤਾ ਕੱਟ ਸਕਦਾ ਹੈ।

ਕਹਿੰਦੇ ਹਨ ਕਿ ਸੂਫੀ ਸੰਤ ਮੁਹੰਮਦ ਨਿਜ਼ਾਮੁਦੀਨ ਔਲੀਆ ਨੇ ਇੱਕ ਵਾਰ 'ਦਿੱਲੀ ਦੂਰ ਅਸਤ' ਕਿਹਾ ਸੀ, ਜਿਸ ਦਾ ਭਾਵ ਸੀ ਕਿ ਦਿੱਲੀ ਅਜੇ ਚੋਖੀ ਦੂਰ ਹੈ। ਉਨ੍ਹਾਂ ਨੇ ਇਹ ਗੱਲ ਕਿਉਂ ਕਹੀ ਸੀ, ਇਸ ਬਾਰੇ ਕਈ ਮੱਤ ਹਨ, ਪਰ ਇਸ ਵਕਤ ਭਾਰਤ ਦੀ ਰਾਜਨੀਤੀ ਵਿੱਚ ਜਿਹੜੇ ਆਗੂ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਸੁਫਨੇ ਲੈਂਦੇ ਫਿਰਦੇ ਹਨ, ਉਹ ਨਿਤੀਸ਼ ਕੁਮਾਰ ਹੋਵੇ ਜਾਂ ਮਮਤਾ ਬੈਨਰਜੀ ਜਾਂ ਅਰਵਿੰਦ ਕੇਜਰੀਵਾਲ, ਇਨ੍ਹਾਂ ਸਾਰਿਆਂ ਨੂੰ 'ਦਿੱਲੀ ਦੂਰ ਅਸਤ' ਦਾ ਅਰਥ ਸਮਝ ਲੈਣਾ ਚਾਹੀਦਾ ਹੈ। ਜਦੋਂ ਇਹੋ ਪਤਾ ਨਹੀਂ ਕਿ ਅਗਲੇ ਮਹੀਨੇ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਨੇ ਦਿੱਲੀ ਦੀ ਸਰਕਾਰ ਨੂੰ ਢਾਹ ਲਾਉਣ ਲਈ ਕੀ ਕੁਝ ਕਰ ਗੁਜ਼ਰਨਾ ਹੈ ਅਤੇ ਬਿਹਾਰ ਦੀ ਸਰਕਾਰ ਵੀ ਚੱਲਣ ਦੇਣੀ ਹੈ ਕਿ ਨਹੀਂ, ਉਸ ਵਕਤ ਏਦਾਂ ਦੇ ਸੁਫਨੇ ਲੈਣ ਦਾ ਕੋਈ ਅਰਥ ਨਹੀਂ ਰਹਿੰਦਾ। ਸ਼ਹਿਰ ਦੇ ਬਾਹਰ ਨਿਕਲ ਕੇ ਸੂਆ ਲੰਘਣਾ ਹੋਵੇ ਤਾਂ ਆਪਣੇ ਘਰੋਂ ਪਜਾਮਾ ਲਾਹ ਕੇ ਮੋਢੇ ਉੱਤੇ ਸੁੱਟਣ ਜਾਂ ਜੁੱਤੀ ਲਾਹ ਕੇ ਹੱਥ ਵਿੱਚ ਫੜਨ ਦੀ ਕੋਈ ਲੋੜ ਨਹੀਂ ਹੁੰਦੀ, ਇਸ ਦੀ ਥਾਂ ਸਾਰੀ ਸ਼ਕਤੀ ਬਚਾ ਕੇ ਅਤੇ ਹੋ ਸਕੇ ਤਾਂ ਹੋਰ ਵਧਾ ਕੇ ਓਥੋਂ ਤੱਕ ਜਾਣ ਬਾਰੇ ਸੋਚਣਾ ਚਾਹੀਦਾ ਹੈ। ਜਿਨ੍ਹਾਂ ਦੀ ਅੱਖ ਏਨੀ ਅਗੇਤੀ ਉਸ ਵੱਡੀ ਕੁਰਸੀ ਵੱਲ ਲੱਗ ਜਾਵੇਗੀ, ਉਹ ਉਸ ਦੇ ਲਈ ਉਲੰਪਿਕ ਦੇ ਖਿਡਾਰੀਆਂ ਵਾਂਗ ਤਿਆਰੀ ਕਰਨ ਦੀ ਥਾਂ ਉਸ ਵਕਤ ਦੇ ਮਹੂਰਤ ਲਈ ਸਿਆਸੀ ਪਾਂਧਿਆਂ ਅੱਗੇ ਹੱਥ ਫੈਲਾਉਂਦੇ ਤੇ ਆਪਣਾ ਰਾਸ਼ੀ ਫ਼ਲ ਜਾਨਣ ਦੀ ਤਾਂਘ ਵਿੱਚ ਫਾਵੇ ਹੋਏ ਅੱਜ ਕਰਨ ਵਾਲੇ ਕੰਮ ਵੀ ਭੁਲਾ ਬੈਠਣਗੇ। ਮੁਸ਼ਕਲ ਇਹ ਹੈ ਕਿ ਭਾਰਤ ਦੇ ਲੀਡਰਅੱਜ ਵਿੱਚ ਜਿਊਣ ਦੀ ਥਾਂ ਭਲਕ ਵਿੱਚ ਜਿਊਣ ਦੇ ਸੁਫਨੇ ਨਾਲ ਫਾਵੇ ਹੋਏ ਪਏ ਹਨ ਤਾਂ ਇਸ ਦੇਸ਼ ਦੀ ਆਮ ਜਨਤਾ ਨੂੰ ਇਹ ਕੌਣ ਦੱਸੇਗਾ ਕਿ ਭਲਕ ਸੰਵਾਰਨਾ ਹੋਵੇ ਤਾਂ ਅੱਜ ਵਿੱਚ ਜਿਊਣ ਦੀ ਕੋਸ਼ਿਸ਼ ਕਰਨੀ ਪਹਿਲਾਂ ਸਿੱਖਣੀ ਪੈਂਦੀ ਹੈ!

# ਬਾਬਾ ਨੰਦ ਸਿੰਘ ਜੀ ਨੂੰ ਯਾਦ ਕਰਦਿਆ



ਸੁਰਜੀਤ ਸਿੰਘ ਫਲੋਰਾ

ਨਾਨਕਸਰ ਦੇ ਬਾਨੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ 79ਵੀਂ ਬਰਸੀ 29 ਅਗਸਤ ਨੂੰ ਆ ਰਹੀ ਹੈ ਅਤੇ ਦੁਨੀਆ ਭਰ ਦੇ ਨਾਨਕਸਰ ਗੁਰਦੁਆਰਿਆਂ ਵਿੱਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ।

ਬਚਪਨ ਦੇ ਦਿਨਾਂ ਤੋਂ ਹੀ, ਉਹਨਾਂ ਨੂੰ ਰੱਬ ਦੀ ਭਗਤੀ ਦੀ ਇੱਛਾ ਸੀ। ਉਹਨਾਂ ਦਾ ਸੁਭਾਅ ਇੱਕ ਸੰਨਿਆਸੀ, "ਯੋਗੀ" ਵਰਗਾ ਸੀ ਪਰ ਉਹਨਾਂ ਦੇ ਚਿਹਰੇ 'ਤੇ ਇੱਕ ਰੂਹਾਨੀ ਚਮਕ ਸੀ। ਉਹਨਾਂ ਦੇ ਚਿਹਰੇ 'ਤੇ ਚਮਕ ਦੇਖ ਕੇ, ਕੋਈ ਵੀ ਅਨੁਮਾਨ ਕਰ ਸਕਦਾ ਸੀ ਕਿ ਉਹ ਇੱਕ ਮਹਾਨ ਆਤਮਾ ਹੈ ਜੋ ਪਰਮਾਤਮਾ ਦੁਆਰਾ ਇਸ ਸੰਸਾਰ ਵਿੱਚ ਪਰਮ ਸੱਚ ਦਾ ਸੰਦੇਸ਼ ਦੇਣ ਲਈ ਭੇਜੀ ਗਈ ਸੀ। ਪੰਜ ਸਾਲ ਦੀ ਉਮਰ ਵਿੱਚ, ਉਹ ਅਕਸਰ ਅੱਧੀ ਰਾਤ ਨੂੰ ਜਾਗ ਕੇ ਨਾਮ -ਸਿਮਰਨ ਜਪਣ ਲਈ ਬਾਹਰ ਚਲੇ ਜਾਂਦੇ ਸਨ। ਇਕ ਵਾਰ ਜਦੋਂ ਉਹਨਾਂ ਦੇ ਮਾਤਾ-ਪਿਤਾ ਉਹਨਾਂ ਨੂੰ ਆਪਣੇ ਬਿਸਤਰੇ 'ਤੇ ਨਾ ਦੇਖ ਕੇ ਚਿੰਤਤ ਹੋ ਗਏ ਅਤੇ ਉਹਨਾਂ ਨੂੰ ਲੱਭਣ ਲੱਗੇ। ਉਹ ਉਹਨਾਂ ਨੂੰ ਖੂਹ ਦੇ ਕਿਨਾਰੇ ਅੱਖਾਂ ਬੰਦ ਕਰਕੇ ਅਤੇ ਡੂੰਘੇ ਧਿਆਨ ਵਿੱਚ ਬੈਠੇ ਦੇਖ ਕੇ ਹੈਰਾਨ ਰਹਿ ਗਏ। ਇਸ ਤ੍ਰਰ੍ਹਾਂ ਅਚਨਚੇਤ ਭਗਤੀ ਵਿਚ ਲੀਨ ਸਨ ਕੇ ਕੋਈ ਵੀ ਮਾਮੂਲੀ ਜਿਹੀ ਹੇਲਜੁਲ ਨਾਲ ਉਹ ਖੂਹ ਵਿਚ ਡਿਗ ਸਕਦੇ ਸਨ। ਪਰ ਉਹਨਾਂ ਦੇ ਚਿਹਰੇ ਦੀ ਚਮਕ ਅਤੇ ਉਹਨਾਂ ਦਾ ਜਿਸ ਤਰ੍ਹਾਂ ਦੇ ਧਿਆਨ ਵਿਚ ਸੀ, ਉਸ ਨੂੰ ਦੇਖ ਕੇ ਮਾਪਿਆਂ ਦਾ ਡਰ ਦੂਰ ਹੋ ਗਿਆ। ਪੂਰੇ ਘਟਨਾਕ੍ਰਮ ਨੇ ਉਹਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾਂ ਦਾ ਬੱਚਾ ਇੱਕ ਮਹਾਨ ਆਤਮਾ ਸੀ ਜੋ ਇੱਕ ਦਿਨ ਇੱਕ ਮਹਾਨ ਸੰਤ ਬਣੇਗਾ ਅਤੇ ਜੋ ਸੰਸਾਰ ਨੂੰ ਅੰਤਮ ਸੱਚ ਦਾ ਰਸਤਾ ਦਿਖਾਏਗਾ।

ਨੇਕ ਰੂਹਾਂ ਨੂੰ ਵਿਸ਼ੇਸ਼ ਮਿਸ਼ਨਾਂ ਨੂੰ ਪ੍ਰਾਪਤ ਕਰਨ ਲਈ ਇਸ ਕਲਯੁਗੀ ਸੰਸਾਰ ਵਿੱਚ ਭੇਜਿਆ ਜਾਂਦਾ ਹੈ। ਉਨ੍ਹਾਂ ਨੂੰ ਸਮੱਸਿਆਵਾਂ ਅਤੇ ਮੁਸ਼ਕਲਾਂ ਨਾਲ ਨਜਿੱਠਣ ਲਈ ਕੁਦਰਤੀ ਸ਼ਕਤੀਆਂ ਸੌਂਪੀਆਂ ਜਾਂਦੀਆਂ ਹਨ। ਉਹ ਸਾਦੇ ਮਾਹੌਲ ਵਿੱਚ ਵੱਡੇ ਹੁੰਦੇ ਹਨ ਅਤੇ ਆਮ ਲੋਕਾਂ ਵਾਂਗ ਅਭਿਆਸ ਕਰਦੇ ਹਨ। ਹਾਲਾਂਕਿ, ਅਧਿਆਤਮਿਕ ਸ਼ਖਸੀਅਤਾਂ ਹੋਣ ਕਰਕੇ, ਉਹ ਪਦਾਰਥਵਾਦੀ ਇੱਛਾਵਾਂ ਦੇ ਘੇਰੇ ਤੋਂ ਬਾਹਰ ਹੁੰਦੀਆਂ ਹਨ ਅਤੇ ਇਸ ਤਰ੍ਹਾਂ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੁੰਦੇ ਹਨ। ਇਹ ਕੇਵਲ ਉਹਨਾਂ ਲੋਕਾਂ ਲਈ ਹੈ ਜਿਹਨਾਂ ਨੂੰ ਬਖਸ਼ਿਸ਼ ਹੋਈ ਹੁੰਦੀ ਹੈ ਅਤੇ ਸੱਚ ਦੀ ਖੋਜ ਵਿੱਚ ਉਹਨਾਂ ਨੂੰ ਮੰਨਣ ਜਾਂ ਸਮਝਣ ਦੀ ਸੂਝ ਹੈ। ਇਸ ਤਰ੍ਹਾਂ, 'ਬ੍ਰਹਮ' ਸ਼ਖਸੀਅਤ ਨੂੰ ਸਮਝਣ, ਵਰਣਨ ਕਰਨ ਜਾਂ ਵਿਆਖਿਆ ਕਰਨ ਲਈ ਛੇਵੀਂ ਇੰਦਰੀ ਦੇ ਅਨੁਭਵ ਦੀ ਲੋੜ ਹੁੰਦੀ ਹੈ। ਸੰਤ ਬਾਬਾ ਨੰਦ ਸਿੰਘ ਜੀ ਦਾ ਸਮੁੱਚਾ ਜੀਵਨ ਬਿਲਕੁਲ ਅਜਿਹਾ ਜੀਵਨ ਹੈ ਜਿਸ ਨੇ ਲੱਖਾਂ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਦੀਵੀ ਮਹਿਮਾ ਦੇ ਦਰਸ਼ਨਾਂ ਵਿੱਚ ਪੂਰਨ ਸ਼ਾਂਤੀ ਅਤੇ ਜੀਵਨ ਬਤੀਤ ਕਰਨ ਦਾ ਉਦੇਸ਼ ਪ੍ਰਦਾਨ ਕੀਤਾ।

ਬਾਬਾ ਨੰਦ ਸਿੰਘ ਜੀ ਦਾ ਜਨਮ 13 ਕੱਤਕ ਸੰਮਤ 1927 ਜਾਂ ਨਵੰਬਰ 1872 ਨੂੰ ਪੰਜਾਬ ਦੇ ਜਗਰਾਓਂ ਨੇੜੇ ਪਿੰਡ ਸ਼ੇਰਪੁਰਾ ਵਿਖੇ ਤੜਕੇ (ਤੜਕੇ 3 ਵਜੇ) ਹੋਇਆ। ਇਸਤਰੀ ਸੇਵਾਦਾਰਾਂ (ਡਾਇਸ) ਨੇ ਹਨੇਰੇ ਕਮਰੇ ਵਿੱਚ ਇੱਕ ਅਸਾਧਾਰਨ ਚਮਕ ਵੇਖੀ ਅਤੇ ਧੰਨ ਪਿਤਾ ਸ. ਜੈ ਸਿੰਘ ਜੀ ਨੂੰ ਵਧਾਈ ਦੇਣ ਲਈ ਬਾਹਰ ਆਈਆਂ। ਮਾਤਾ ਸਦਾ ਕੌਰ ਜੀ ਬਾਬਾ ਨੰਦ ਸਿੰਘ ਜੀ ਦੀ ਹੋਣਹਾਰ ਮਾਤਾ ਜੀ ਸਨ।

ਉਸ ਵੇਲੇ ਕੋਈ ਨਹੀਂ ਜਾਣਦਾ ਸੀ ਕਿ ਇਹ ਚਮਕ ਉਸ ਪਵਿੱਤਰ ਬਾਲਕ ਦੇ ਜਨਮ ਦੀ ਹੈ ਜੋ ਹਨੇਰੇ ਵਿੱਚ ਡੁੱਬੇ ਹਜ਼ਾਰਾਂ ਲੋਕਾਂ ਦੇ ਜੀਵਨ ਨੂੰ ਉਹਨਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਜੀਵਤ ਬ੍ਰਹਮਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਫੈਲਾ ਕੇ ਬਦਲਣ ਜਾ ਰਿਹਾ ਸੀ। ਸੰਤ ਬਾਬਾ ਨੰਦ ਸਿੰਘ ਜੀ ਦੇ ਰੂਪ ਵਿਚ ਇਹ ਪਵਿੱਤਰ ਬਾਲਕ ਚਾਨਣ ਮੁਨ-ਾਰਾ ਬਣ ਗਿਆ ਹੈ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਲੱਖਾਂ ਲੋਕ ਉਹਨਾਂ ਦੀ ਮਹਿਮਾਂ ਗਾ ਰਹੇ ਹਨ।

ਕੇਵਲ ਪੰਜ ਸਾਲ ਦੀ ਉਮਰ ਵਿੱਚ ਬਾਬਾ ਜੀ ਅੱਧੀ ਰਾਤ ਨੂੰ ਪਿੰਡ ਦੇ ਬਾਹਰ ਇੱਕ ਖੂਹ ਵਿੱਚ ਇਸ਼ਨਾਨ ਕਰਦੇ ਸਨ ਅਤੇ ਫਿਰ ਨੀਂਦ ਨੂੰ ਕਾਬੂ ਕਰਨ ਲਈ ਖੂਹ ਦੇ ਕਿਨਾਰੇ ਬੈਠ ਕੇ ਸਿਮਰਨ ਵਿੱਚ ਚਲੇ ਜਾਂਦੇ ਸਨ। ਆਪਣੀ ਪਹਿਲੀ ਉਮਰ ਵਿਚ ਬਾਬਾ ਜੀ ਤਰਖਾਣ ਦਾ ਕੰਮ ਕਰਦੇ ਰਹੇ ਅਤੇ ਜਿਸ ਵਿਅਕਤੀ ਦੇ ਘਰ ਉਹ ਕੰਮ ਕਰਦੇ ਸਨ, ਉਸ ਨੂੰ ਕਹਿੰਦੇ ਸਨ ਕਿ ਮੈਂ ਕੁਝ ਘੰਟੇ ਦੇਰੀ ਨਾਲ ਆਵਾਂਗਾ ਅਤੇ ਕੋਈ ਵੀ ਉਨ੍ਹਾਂ ਨੂੰ ਕੰਮ ਵਿਚ ਪਰੇਸ਼ਾਨ ਨਾ ਕਰੇ। ਹਾਲਾਂਕਿ, ਬਾਬਾ ਜੀ ਹਮੇਸ਼ਾ ਸੋਚ ਤੋਂ ਵੱਧ ਕੰਮ ਕਰਦੇ ਸਨ ਅਤੇ ਹਮੇਸ਼ਾ ਵਾਧੂ ਉਪਜ ਦਿੰਦੇ ਸਨ। ਕੰਮ ਵਿਚ ਵੀ ਉਹ ਹਮੇਸ਼ਾ ਧਿਆਨ ਵਿਚ ਰਹਿੰਦਾ ਸਨ।

ਬਾਬਾ ਨੰਦ ਸਿੰਘ ਜੀ 20 ਸਾਲ ਦੀ ਉਮਰ ਵਿੱਚ ਆਪਣਾ ਪਿੰਡ ਛੱਡ ਕੇ ਹਜ਼ੂਰ ਸਾਹਿਬ ਜਾਣ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਰੁੜਕੀ ਚਲੇ ਗਏ। ਬਾਬਾ ਜੀ ਨੇ ਅੰਗੀਠਾ ਸਾਹਿਬ ਦੇ ਇਸ਼ਨਾਨ ਲਈ ਸਵੇਰੇ ਤੜਕੇ ਪਵਿੱਤਰ ਗੋਦਾਵਰੀ ਨਦੀ ਤੋਂ ਹਜ਼ੂਰ ਸਾਹਿਬ ਵਿਖੇ ਜਲ ਲਿਆਉਣ ਦੀ



ਨਿਰਸਵਾਰਥ ਸੇਵਾ ਕੀਤੀਂ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਅਤੇ ਗੁਰਬਾਣੀ ਦੀ ਪੂਰੀ ਜਾਣਕਾਰੀ ਅਤੇ ਸਮਝ ਪ੍ਰਾਪਤ ਕਰਨ ਲਈ ਗੁਰੂ ਸਾਹਿਬਾਨ ਦੇ ਇਲਾਹੀ ਉਪਦੇਸ਼ ਸੁਣੇ।

ਬਾਬਾ ਨੰਦ ਸਿੰਘ ਜੀ ਲਗਭਗ 1904 ਈ: ਵਿੱਚ ਹਜ਼ੂਰ ਸਾਹਿਬ ਛੱਡ ਕੇ ਪਿੰਡ ਲਹਿਰਾ ਗਾਗਾ ਦੇ ਸੰਤ ਵਧਾਵਾ ਸਿੰਘ ਜੀ ਕੋਲ ਚਲੇ ਗਏ, ਜੋ ਉਸ ਸਮੇਂ ਗੁਰਬਾਣੀ ਦੇ ਸੁਲਝੇ ਹੋਏ ਮਹਾਨ ਮਹਾਪੁਰਖ ਸਨ। ਸੰਤ ਵਧਾਵਾ ਸਿੰਘ ਬਾਬਾ ਜੀ ਦੀਆਂ ਅਲੌਕਿਕ ਸ਼ਕਤੀਆਂ ਨੂੰ ਦੇਖ ਕੇ ਹੈਰਾਨ ਰਹਿ ਗਏ। ਬਾਬਾ ਜੀ ਨੇ ਉਹ ਸਭ ਕੁਝ ਸਿੱਖ ਲਿਆ ਜੋ ਸੰਤਾਂ ਨੇ ਉਨ੍ਹਾਂ ਨੂੰ ਸਿਖਾਉਣਾ ਸੀ। ਸੰਤ ਵਧਾਵਾ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਭੁੱਚੋ ਦੇ ਸੰਤ ਬਾਬਾ ਹਰਨਾਮ ਸਿੰਘ ਜੀ ਕੋਲ ਲੈ ਜਾਣ ਦੀ ਸੂਝ ਪ੍ਰਾਪਤ ਕੀਤੀ, ਜੋ ਕਿ ਆਪ ਇੱਕ ਦਾਨੀ ਆਤਮਾ ਅਤੇ ਪੰਜਾਬ ਦੇ ਪ੍ਰਸਿੱਧ ਸੰਤ ਸਨ, ਨੂੰ ਹੋਰ ਸਿੱਖਿਆਵਾਂ ਲਈ। ਜਦੋਂ ਬਾਬਾ ਜੀ ਡੇਰੇ (ਇਕਾਂਤ ਨਿਵਾਸ ਸਥਾਨ) ਪਹੁੰਚੇ ਤਾਂ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਤੁਰੰਤ ਬਾਬਾ ਜੀ ਨੂੰ ਆਪਣੇ ਕਮਰੇ ਵਿੱਚ ਬੁਲਾਇਆ ਕਿਉਂਕਿ ਉਹ ਬਾਬਾ ਨੰਦ ਸਿੰਘ ਜੀ ਨੂੰ 'ਰਿਖੀ ਜੀ' ਕਹਿ ਕੇ ਉਨ੍ਹਾਂ ਦੀ ਉਡੀਕ ਕਰ ਰਹੇ ਸਨ।

ਬਾਬਾ ਹਰਨਾਮ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਇੱਕ ਲੱਖ ਪੰਜਾਹ ਹਜ਼ਾਰ ਵਾਰ ਮੂਲ ਮੰਤਰ ਦਾ ਸਿਮਰਨ ਕਰਨ ਦੀ ਹਦਾਇਤ ਕੀਤੀ। ਬਾਬਾ ਜੀ ਨੇ ਆਪਣਾ ਸੀਸ ਝੁਕਾ ਕੇ ਪੱਛਮੀ ਪੰਜਾਬ ਦੇ ਵੱਖ-ਵੱਖ ਸਥਾਨਾਂ ਦੇ ਦਰਸ਼ਨ ਕੀਤੇ ਅਤੇ ਲੰਮਾ ਸਮਾਂ ਸਿਮਰਨ ਵਿੱਚ ਲੀਨ ਰਹੇ। ਬਾਬਾ ਜੀ ਇਸ ਸਮੇਂ ਦੌਰਾਨ ਇਕਾਂਤ ਥਾਵਾਂ 'ਤੇ ਨਿਵਾਸ ਕਰਦੇ ਸਨ।

ਕੁਝ ਸਾਲਾਂ ਬਾਅਦ, ਬਾਬਾ ਜੀ ਦੁਬਾਰਾ ਭੁੱਚੋ ਗਏ ਅਤੇ ਇਸ ਵਾਰ ਬਾਬਾ ਹਰਨਾਮ ਸਿੰਘ ਜੀ ਨੇ ਉਨ੍ਹਾਂ 'ਤੇ ਆਪਣੀ ਕਿਰਪਾ ਅਤੇ ਅਧਿਆਤਮਿਕ ਸ਼ਕਤੀਆਂ ਦੀ ਵਰਖਾ ਕੀਤੀ। ਸੰਤ ਬਾਬਾ ਹਰਨਾਮ ਸਿੰਘ ਜੀ ਨੇ ਬਾਬਾ ਜੀ ਨੂੰ ਹਦਾਇਤ ਕੀਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਤ ਬ੍ਰਹਮਤਾ ਦਾ ਪ੍ਰਚਾਰ ਕਰਨ ਅਤੇ ਸਰਬ ਸਾਂਝੀਵਾਲਤਾ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪ੍ਰਚਾਰ ਕਰਨ ਦਾ ਮਿਸ਼ਨ ਸ਼ੁਰੂ ਕਰਨ। ਇਸ ਤਰ੍ਹਾਂ ਬਾਬਾ ਜੀ ਨੇ ਨਾਨਕਸਰ ਦੀ ਸੰਸਥਾ ਸ਼ੁਰੂ ਕੀਤੀ ਅਤੇ ਆਪਣਾ ਸਾਰਾ ਜੀਵਨ ਪੂਰਨ ਪ੍ਰਾਪਤੀ ਵਿੱਚ ਬਤੀਤ ਕੀਤਾ। ਬਾਬਾ ਜੀ ਸਵੇਰੇ 2 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਸਨ। ਬਾਬਾ ਨੰਦ ਸਿੰਘ ਜੀ ਨਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਧਰ ਤੋਂ ਹੇਠਾਂ ਸਗੋਂ ਰਾਗੀਆਂ ਅਤੇ ਸੰਗਤਾਂ ਨੂੰ ਵੀ ਜ਼ਮੀਨ ਵਿੱਚ ਟੋਆ ਪੁੱਟ ਕੇ ਬੈਠਦੇ ਸਨ ਕਿਉਂਕਿ ਬਾਬਾ ਜੀ ਹਮੇਸ਼ਾ ਆਪਣੇ ਆਪ ਨੂੰ ਨਿਮਾਣਾ ਸੇਵਾਦਾਰ ਸਮਝਦੇ ਸਨ।

ਬਾਬਾ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇੰਨਾ ਸੰਤੋਖ ਅਤੇ ਵਿਸ਼ਵਾਸ ਸੀ ਕਿ ਉਨ੍ਹਾਂ ਨੇ ਕਦੇ ਕਿਸੇ ਤੋਂ ਪਾਣੀ ਦਾ ਗਿਲਾਸ ਵੀ ਨਹੀਂ ਮੰਗਿਆ। ਬਾਬਾ ਜੀ ਨੇ ਹਮੇਸ਼ਾ ਗੁਰੂ ਸਾਹਿਬ ਦੀ ਸੇਵਾ ਕੀਤੀ ਹੈ ਅਤੇ ਦੂਜਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਮਨ ਕੇ ਸੇਵਾ ਕਰਨ ਲਈ ਵਚਨ ਕੀਤੇ ਸਨ। ਉਹਨਾਂ ਨੇ ਆਪ ਇਹ ਸਭ ਖੁਦ ਕਰਕੇ ਦੂਜਿਆਂ ਲਈ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦੇ ਅਸ਼ੀਰਵਾਦ ਸਦਕਾ ਹੀ ਹੋਰ ਬਹੁਤ ਸਾਰੀਆਂ ਸੰਸਥਾਵਾਂ ਨੇ ਵਿਸ਼ੇਸ਼ ਬਿਸਤਰਿਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖ ਆਸਣ ਕਰਨੇ ਸ਼ੁਰੂ ਕਰ ਦਿੱਤੇ। ਬਾਬਾ ਜੀ ਹਮੇਸ਼ਾ ਸੰਗਤ ਦੁਆਰਾ ਲਿਆਂਦੇ ਗਏ ਭੋਜਨ ਨੂੰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੇਟ ਕਰਦੇ ਸਨ ਕਿਉਂਕਿ ਬਾਬਾ ਜੀ ਨੇ ਸ੍ਰੀ ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨਿਆ ਸੀ।

ਫਿਰੋਜ਼ਪੁਰ ਛਾਉਣੀ ਵਿਖੇ ਸਥਿਤ ਗੁਰਦੁਆਰਾ 'ਸਾਰਾਗੜ੍ਹੀ' ਵਿਖੇ ਸਿੱਖ ਸੰਗਤਾਂ ਨੇ ਸੰਤ ਬਾਬਾ ਨੰਦ ਸਿੰਘ ਜੀ ਦਾ ਨਾਮ ਰੌਸ਼ਨ ਕੀਤਾ। ਇਹ ਸਭ ਦੇਖ ਕੇ ਉਹ ਇਕ ਦਿਨ ਚੁੱਪਚਾਪ ਉਹ ਥਾਂ ਛੱਡ ਕੇ ਜਗਰਾਉਂ ਸਬ ਡਵੀਜ਼ਨ ਵਿਚ ਪੈਂਦੇ ਆਪਣੇ ਪਿੰਡ ਸ਼ੇਰਪੁਰਾ ਆ ਗਏ। ਉਹ 'ਨੌ ਗਜੀਆ' ਦੇ ਨਾਂ ਨਾਲ ਜਾਣੀ ਜਾਂਦੀ ਇਕ ਕਬਰ ਦੇ ਨੇੜੇ ਰਹਿਣ ਲੱਗ ਪਏ। ਪਿੰਡ ਦੇ ਲੋਕ ਹੀ ਨਹੀਂ ਸਗੋਂ ਦੂਰੋਂ-ਦੂਰੋਂ ਹੋਰ ਲੋਕ ਵੀ ਕਲੇਰਾਂ ਜਾਣ ਲੱਗੇ ਜਿੱਥੇ ਹੁਣ ਗੁਰ-ਦੁਆਰਾ ਨਾਨਕਸਰ ਸਥਿਤ ਹੈ। ਇਹ ਲਗਭਗ 1918 ਤੋਂ 1921 ਈ. ਇਹ ਥਾਂ ਜੰਗਲੀ ਜਾਨਵਰਾਂ ਨਾਲ ਘਿਰਿਆ ਹੋਇਆ ਸੰਘਣਾ ਜੰਗਲ ਸੀ। ਰਾਤ ਦੀ ਕੀ ਗੱਲ ਕਰੀਏ, ਉਸ ਥਾਂ ਤੋਂ ਕਦੇ ਕੋਈ ਲਾਸ਼ ਨਹੀਂ ਲੰਘੀ। ਬਾਬਾ ਜੀ ਉਥੇ ਰਹਿਣ ਲੱਗ ਪਏ ਅਤੇ ਜਲਦੀ ਹੀ ਜੰਗਲ 'ਸੰਗਤ' ਦੀ ਭੀੜ ਹੋ ਗਈ। ਸਥਾਨ ਜੀਵੰਤ ਅਤੇ ਆਕਰਸ਼ਕ ਬਣ ਗਿਆ. ਬਾਬਾ ਜੀ ਨੇ ਨਾਨਕਸਰ ਕਲੇਰਾਂ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਨਿਰੰਤਰ ਪਾਠਾਂ ਦੀ ਸ਼ੁਰੂਆਤ ਕੀਤੀ ਕਿਉਂਕਿ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਵਿੱਚ ਕਿਸੇ ਵੀ ਮਨੁੱਖ ਦੇ ਸਾਰੇ ਪਾਪਾਂ ਨੂੰ ਸਾੜਨ ਦੀ ਅਥਾਹ ਸ਼ਕਤੀ ਹੈ ਅਤੇ ਕਿਸੇ ਨੂੰ ਵੀ ਖੁਸ਼ਹਾਲ ਅਤੇ ਸੰਤੁਸ਼ਟ ਜੀਵਨ ਬਤੀਤ ਕਰਨ ਲਈ ਬਹੁਤ ਸਾਰੀਆਂ ਬਰਕਤਾਂ ਦੀ ਵਰਖਾ ਹੁੰਦੀ ਹੈ। ਉਹਨਾਂ ਨੇ ਨਾਨਕਸਰ ਕਲੇਰਾਂ ਵਿਖੇ ਕੀਰਤਨ ਵੀ ਸ਼ੁਰੂ ਕੀਤਾ । ਸਵੇਰੇ -ਸ਼ਾਮ ਨੂੰ ਵੀ ਕੀਰਤਨ ਕੀਤਾ ਜਾਂਦਾ ਹੈ। ਉਹ ਹਮੇਸ਼ਾ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਸਮਝ ਕੇ ਸੇਵਾ ਕਰਨ ਦਾ ਨਿਰਦੇਸ਼ ਦਿੰਦੇ ਸਨ ਤਾਂ ਜੋ ਕਲਯੁਗੀ ਸੰਗਤ ਆਪਣੇ ਆਪ ਨੂੰ ਦੁਖਦਾਈ ਬਿਮਾਰੀਆਂ, ਗਰੀਬੀ ਅਤੇ ਸੰਕਟ ਤੋਂ ਛੁਟਕਾਰਾ ਪਾ ਸਕੇ। ਨਾਨਕਸਰ ਨੂੰ ਸਾਰੀਆਂ ਦੁਨਿਆਵੀ ਇੱਛਾਵਾਂ ਤੋਂ ਦੂਰ ਭਗਤੀ ਦਾ ਘਰ ਬਣਾ ਦਿੱਤਾ ਗਿਆ। ਬਾਬਾ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਕਲੇਰਾਂ ਨੇੜੇ ਨਾਨਕਸਰ ਨੂੰ ਸੀਮਿੰਟ ਦੇ ਗੁਰਦੁ-ਆਰੇ ਵਿੱਚ ਤਬਦੀਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਬਾਬਾ ਜੀ ਇਸ ਸੰਸਾਰ ਵਿੱਚ ਕਿਸੇ ਵੀ ਚੀਜ਼ ਦੇ ਮਾਲਕ ਨਹੀਂ ਸਨ ਅਤੇ ਕਿਸੇ ਉੱਤੇ ਨਿਰਭਰ ਨਹੀਂ ਸਨ। ਆਪ ਜੀ ਨੇ ਆਪਣਾ ਸਾਰਾ ਜੀਵਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਸੰਤੋਖ ਅਤੇ ਸਰੀਰਕ ਬੋਧ ਵਿੱਚ ਸਮਰਪਿਤ ਕੀਤਾ ਹੈ।


ਬਾਲ ਕਹਾਣੀ:

## ਚਿੜੀ ਤੇ ਕਾਂ



ਇੱਕ ਜੰਗਲ ਸੀ। ਜੰਗਲ ਵਿੱਚ ਇੱਕ ਚਿੜੀ ਰਹਿੰਦੀ ਸੀ। ਉੱਥੇ ਇੱਕ ਕਾਂ ਵੀ ਰਹਿੰਦਾ ਸੀ। ਆਲੇ - ਦੁਆਲੇ ਬਹੁਤ ਦਰੱਖਤ ਸਨ। ਇੱਕ ਦਿਨ ਦੀ ਗੱਲ ਹੈ।ਉੱਥੇ ਇੱਕ ਬਾਜ ਆ ਗਿਆ। ਬਾਜ਼ ਚਿੜੀ ਦਾ ਆਲ੍ਹਣਾ ਤੋੜਨ ਲੱਗਾ। ਚਿੜੀ ਕਿਧਰੇ ਗਈ ਹੋਈ ਸੀ। ਕਾਂ ਨੇ ਬਾਜ਼ ਨੂੰ ਸਮਝਾਇਆ ਕਿ ਆਲ੍ਹਣਾ ਨਾ ਤੋੜ। ਉੱਧਰੋਂ ਚਿੜੀ ਵੀ ਆ ਗਈ।ਚਿੜੀ ਨੇ ਬਾਜ਼ ਦੀ ਮਿੰਨਤ ਕੀਤੀ। ਬਾਜ਼ ਨੇ ਆਲ੍ਹਣਾ ਨਹੀਂ ਤੋੜਿਆ। ਬਾਜ਼ ਦੂਰ ਉੱਡ ਗਿਆ।

*ਸਿੱਖਿਆ - ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਦੂਸਰਿਆਂ ਦਾ ਨੁਕਸਾਨ ਨਾ ਕਰੋ।*



ਪਰਵੀਨ ਕੌਰ , ਜਮਾਤ - ਤੀਸਰੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ ) ਜਮਾਤ ਇੰਚਾਰਜ ਅਤੇ ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ ( ਪ੍ਰਸਿੱਧ ਲੇਖਕ ਸ੍ਰੀ ਅਨੰਦਪੁਰ ਸਾਹਿਬ , ਪੰਜਾਬ )

# ਜਸਟਿਸ ਉਦੈ ਉਮੇਸ਼ ਲਲਿਤ ਨੇ ਚੀਫ ਜਸਟਿਸ ਵਜੋਂ ਸਹੁੰ ਚੁੱਕੀ

* ਮਹਿਜ਼ 75 ਦਿਨਾਂ ਦਾ ਕਾਰਜਕਾਲ ਹੋਵੇਗਾ ਮੁੱਖ ਜੱਜ ਦਾ



ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਜਸਟਿਸ ਉਦੈ ਉਮੇਸ਼ ਲਲਿਤ ਨੇ ਕੱਲ੍ਹ ਭਾਰਤ ਦੇ 49ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕ ਲਈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਖੇ ਇੱਕ ਸਮਾਗਮ ਵਿੱਚ ਜਸਟਿਸ ਯੂ ਯੂ ਲਲਿਤ ਨੂੰ ਚੀਫ ਜਸਟਿਸ ਵਜੋਂ ਸਹੁੰ ਚੁਕਾਈ। ਚੀਫ ਜਸਟਿਸ ਵਜੋਂ ਉਨ੍ਹਾਂ ਦਾ ਕਾਰਜਕ-ਾਲ ਸਿਰਫ 74 ਦਿਨਾਂ ਦਾ ਹੋਵੇਗਾ ਅਤੇ ਉਹ ਅੱਠ ਨਵੰਬਰ ਨੂੰ ਇਸ ਅਹੁਦੇ ਤੋਂਭ ਸੇਵਾਮੁਕਤ ਹੋ ਜਾਣਗੇ।

ਰਾਸ਼ਟਰਪਤੀ ਭਵਨ ਵਿਖੇ ਸੰਖੇਪ ਸਮਾਗਮ ਵਿੱਚ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ, ਕਈ ਕੇਂਦਰੀ ਮੰਤਰੀ ਤੇ ਚੀਫ ਜਸਟਿਸ ਵਜੋਂ ਸੇਵਾਮੁਕਤ ਹੋਏ ਐਨ ਵੀ ਰਮੰਨਾ ਸਮੇਤ ਕਈ ਸ਼ਖਸੀਅਤਾਂ ਮੌਜੂਦ ਸਨ। ਜਸਟਿਸ ਯੂ ਯੂ ਲਲਿਤ ਦੀਆਂ ਤਿੰਨ ਪੀੜ੍ਹੀਆਂ ਵੀ ਸਮਾਗਮ ਵਿੱਚ ਮੌਜੂਦ ਸਨ। ਵਰਨਣ ਯੋਗ ਹੈ ਕਿ 102 ਸਾਲਾਂ ਤੋਂ ਲਲਿਤ ਪਰਵਾਰ ਵਕਾਲਤ ਪੇਸ਼ੇ ਵਿੱਚ ਹੈ। ਜਸਟਿਸ ਯੂ ਯੂ ਲਲਿਤ ਦੇ ਦਾਦਾ ਮਹਾਰਾਸ਼ਟਰ ਦੇ ਸ਼ੋਲਾਪੁਰ ਜ਼ਿਲ੍ਹੇ ਵਿੱਚ ਵਕਾਲਤ ਕਰਦੇ ਸਨ। ਉਨ੍ਹਾਂ ਦੇ ਪਿਤਾ ਉਮੇਸ਼ ਰੰਗਾਨਾਥ ਨਾਮੀ ਵਕੀਲ ਰਹਿਣ ਤੋਂ ਬਾਅਦ 1975 ਵਿੱਚ ਬੰਬੇ ਹਾਈ ਕੋਰਟ ਦੇ ਜੱਜ ਰਹਿ ਚੁੱਕੇ ਹਨ। ਜਸਟਿਸ ਯੂ ਯੂ ਲਲਿਤ ਨੇ ਸਹੁੰ ਚੱਕਣ ਪਿੱਛੋਂ ਨੱਬੇ ਸਾਲਾ ਪਿਤਾ ਅਤੇ ਹੋਰ ਬਜ਼ੁਰਗ ਪਰਵਾਰਕ ਮੈਂਬਰਾਂ ਦੇ ਪੈਰ ਛੂਹ ਕੇ ਵੀ ਲਿਆ।

ਨੌਂ ਨਵੰਬਰ 1957 ਨੂੰ ਜਨਮੇ ਜਸਟਿਸ ਯੂ ਯੂ ਲਲਿਤ ਸੁਪਰੀਮ ਕੋਰਟ ਦੇ ਜੱਜ ਬਣਨ ਤੋਂ ਪਹਿਲਾਂ ਸੀਨੀਅਰ ਐਡਵੋਕੇਟ ਸਨ। ਉਹ ਦੂਜੇ ਅਜਿਹੇ ਚੀਫ ਜਸਟਿਸ ਹਨ, ਜਿਨ੍ਹਾਂ ਵਕੀਲ ਤੋਂ ਚੀਫ ਜਸਟਿਸ ਦਾ ਸਫਰ ਤੈਅ ਕੀਤਾ। ਇਸ ਤੋਂ ਪਹਿਲਾਂ ਜਸਟਿਸ ਐਸ ਐਮ ਸੀਕਰੀ, ਜੋ ਜਨਵਰੀ 1971 ਵਿੱਚ ਭਾਰਤ ਦੇ ਚੀਫ ਜਸਟਿਸ ਬਣੇ, ਪਹਿਲੇ ਅਜਿਹੇ ਵਕੀਲ ਸਨ, ਜੋ ਚੀਫ ਜਸਟਿਸ ਬਣੇ। ਜਸਟਿਸ ਲਲਿਤ ਦਾ ਵੱਡਾ ਬੇਟਾ ਅਤੇ ਉਸ ਦੀ ਪਤਨੀ ਵੀ ਵਕੀਲ ਹਨ। ਜਸਟਿਸ ਲਲਿਤ ਸਾਹਮਣੇ ਆਪਣੇ ਸੰਖੇਪ ਕਾਰਜਕਾਲ ਵਿੱਚ ਸੁਪਰੀਮ ਕੋਰਟ ਵਿੱਚ ਪੈਂਡਿੰਗ 492 ਸੰਵਿਧਾਨਕ ਕੇਸ ਨਿਪਟਾਉਣ ਦੀ ਚੁਣੌਤੀ ਹੈ। ਬੀਤੇ ਸ਼ੁੱਕਰਵਾਰ ਨੂੰ ਸਾਬਕਾ ਚੀਫ ਜਸਟਿਸ ਐਨ ਵੀ ਰਮੰਨਾ ਦੇ ਵਿਦਾਇਗੀ ਸਮਾਗਮ ਵਿੱਚ ਉਨ੍ਹਾਂ ਤਿੰਨ ਅਹਿਮ ਗੱਲਾਂ ਦਾ ਵਾਅਦਾ ਕੀਤਾ ਸੀ, ਜਿਨ੍ਹਾਂ ਵਿੱਚ ਸੁਪਰੀਮ ਕੋਰਟ ਵਿੱਚ ਸਾਲ ਵਿੱਚ ਘੱਟੋ-ਘੱਟ ਇੱਕ ਸੰਵਿਧਾਨਕ ਬੈਂਚ ਦੇ ਕੰਮ ਕਰਨ, ਕੇਸਾਂ ਦੇ ਸਮੇਂ ਨਾਲ ਸੂਚੀਬੱਧਤਾ ਅਤੇ ਜ਼ਰੂਰੀ ਕੇਸਾਂ ਲਈ ਨਵਾਂ ਸਿਸਟਮ ਵਿਕਸਿਤ ਕਰਨਾ ਸ਼ਾਮਲ ਹੈ। ਚੀਫ ਜਸਟਿਸ ਵਜੋਂ ਚੀਫ ਜਸਟਿਸ ਲਲਿਤ ਜਿਸ ਕਾਲਜੀਅਮ ਦੀ ਅਗਵਾਈ ਕਰਨਗੇ, ਉਸ ਵਿੱਚ ਜਸਟਿਸ ਚੰਦਰਚੂੜ, ਜਸਟਿਸ ਕੌਲ, ਜਸਟਿਸ ਨਜ਼ੀਰ ਅਤੇ ਜਸਟਿਸ ਇੰਦਰਾ ਬੈਨਰਜੀ ਸ਼ਾਮਲ ਹੋਣਗੇ।

# ਦਿੱਲੀ ਦੇ ਲੈਫਟੀਨੈਂਟ ਗਵਰਨਰ ਤੇ ਕੇਜਰੀਵਾਲ ਸਰਕਾਰ ਦੀ ਤਕਰਾਰ ਹੋਰ ਵਧੀ

ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਦਿੱਲੀ ਦੇ ਲੈਫਟੀਨੈਂਟ ਗਵਰਨਰ (ਐਲ ਜੀ) ਦਫਤਰ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਥਾਂ ਮੱਖ ਮੰਤਰੀ ਦਫਤਰ (ਸੀ ਐਮ ਓ) ਦੇ ਕਰਮਚਾਰੀਆਂ ਦੇ ਦਸਖਤਾਂ ਵਾਲੀਆਂ 47 ਫਾਈਲਾਂ ਵਾਪਸ ਕਰ ਦਿੱਤੀਆਂ ਹਨ, ਜਿਸ ਤੋਂ ਦੁਵੱਲਾ ਟਕਰਾਅ ਵਧਣ ਦੇ ਸੰਕੇਤ ਮਿਲਦੇ ਹਨ।

ਜਾਣਕਾਰ ਸੂਤਰਾਂ ਨੇ ਕੱਲ੍ਹ ਏਥੇ ਦੱਸਿਆ ਕਿ ਐਲ ਜੀ ਦਫਤਰ ਦੇ ਇਸ ਕਦਮ ਨਾਲ ਰਾਸ਼ਟਰੀ ਰਾਜਧਾਨੀ ਵਿੱਚ ਦੋ ਸੰਵਿਧਾਨਕ ਅਥਾਰਟੀਆਂ ਵਿਚਾਲੇ ਖਿੱਚੋਤਾਣ ਤੇਜ਼ ਹੋਣ ਦਾ ਡਰ ਹੈ। ਇਹ ਘਟਨਾਕ੍ਰਮ ਲੈਫਟੀਨੈਂਟ ਗਵਰਨਰ ਵੀ ਕੇ ਸਕਸੈਨਾ ਵੱਲੋਂ ਕੇਜਰੀਵਾਲ ਨੂੰ ਪੱਤਰ ਲਿਖੇ ਜਾਣ ਤੋਂ ਲਗਭਗ ਇੱਕ ਹਫਤੇ ਬਾਅਦ ਵਾਪਰਿਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਸੀ ਐਮ ਓ ਮੁੱਖ ਮੰਤਰੀ ਕੇਜਰੀਵਾਲ ਦੇ ਦਸਤਖਤਾਂ ਤੋਂ ਬਿਨਾਂ ਹੀ ਫਾਈਲਾਂ ਨੂੰ ਐਲ ਜੀ ਸੈਕਟਰੀਏਟ ਨੂੰ ਰਾਏ ਤੇ ਪ੍ਰਵਾਨਗੀ ਲਈ ਭੇਜ ਰਿਹਾ ਸੀ। ਐਲ ਜੀ ਦਫਤਰ ਦੇ ਸੂਤਰਾਂ ਮੁਤਾਬਕ ਬਿਨਾਂ ਸੈਕਟਰੀਏਟ ਵੱਲੋਂ ਮੋੜੀਆਂ ਜਾ ਰਹੀਆਂ ਵੱਖ-ਵੱਖ ਫਾਈਲਾਂ ਵਿੱਚ ਸਿੱਖਿਆ ਵਿਭਾਗ ਅਤੇ ਵਕਫ ਬੋਰਡ ਸਮੇਤ ਹੋਰ ਵਿਭਾਗਾਂ ਨਾਲ ਸਬੰਧਤ ਫਾਈਲਾਂ ਸ਼ਾਮਲ ਹਨ। ਸੂਤਰਾਂ ਮੁਤਾਬਕ ਲੈਫਟੀਨੈਂਟ ਗਵਰਨਰ ਵੱਲੋਂ ਮੁੱਦਾ ਉਠਾਉਣ ਦੇ ਬਾਵਜੂਦ ਸੀ ਐਮ ਓ ਨੇ ਮੁੱਖ ਮੰਤਰੀ ਦੇ ਬਿਨਾਂ ਦਸਤਖਤਾਂ ਵਾਲੀਆਂ ਫਾਈਲਾਂ ਆ ਰਹੀਆਂ ਸਨ। ਇਸ ਤੋਂ ਪਹਿਲਾਂ 22 ਅਗਸਤ ਨੂੰ ਲੈਫਟੀਨੈਂਟ ਗਵਰਨਰ ਦਫਤਰ ਨੇ ਮੁੱਖ ਮੰਤਰੀ ਨੂੰ ਚਿੱਠੀ ਲਿਖੀ ਅਤੇ ਕਿਹਾ ਸੀ ਕਿ ਤੁਹਾਡੇ ਵੱਲੋਂ ਫਾਈਲਾਂ ਬਿਨਾਂ ਤੁਹਾਡੇ ਦਸਖਤਾਂ ਦੇ ਆ ਰਹੀਆਂ ਹਨ, ਕ੍ਰਿਪਾ ਕਰ ਕੇ ਤੁਸੀਂ ਦਸਖਤ ਕਰ ਕੇ ਭੇਜੋ, ਅੱਗੇ ਤੋਂ ਅਜਿਹਾ ਨਹੀਂ ਚੱਲੇਗਾ। ਉਂਜ ਇਹ ਪਹਿਲੀ ਵਾਰ ਨਹੀਂ ਕਿ ਐਲ ਜੀ ਅਤੇ ਸੀ ਐਮ ਵਿਚਾਲੇ ਕਿਸੇ ਕੇਸ ਬਾਰੇ ਵਿਵਾਦ ਦੇਖਣ ਨੂੰ ਮਿਲ ਰਿਹਾ ਹੈ।



## 30,000 ਫੁੱਟ ਉਚਾਈ ਉਤੇ ਜਹਾਜ਼ ਦਾ ਪਾਇਲਟ ਬੇਹੋਸ਼ ਹੋ ਗਿਆ



ਅੰਕਾਰਾ, 28 ਅਗਸਤ (ਪੋਸਟ ਬਿਊਰੋ)- ਇਹ ਹੈਰਾਨੀ ਵਾਲੀ ਖਬਰ ਆਈ ਹੈ ਕਿ 30,000 ਫੁੱਟ ਦੀ ਉਚਾਈ ਉੱਤੇ ਉਡਦੇ ਇੱਕ ਜਹਾਜ਼ ਵਿੱਚ ਕੁਝ ਅਜਿਹਾ ਹੋਇਆ ਕਿ ਯਾਤਰੀਆਂ ਵਿੱਚ ਅਫਰਾ ਤਫਰੀ ਮਚ ਗਈ।

ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਇੱਕ ਘਟਨਾ ਮੁਤਾ-ਬਕ ਜਹਾਜ਼ ਨੂੰ ਉਡਾ ਰਿਹਾ ਪਾਇਲਟ ਅਚਾਨਕ ਬੇਹੋਸ਼ ਹੋ ਗਿਆ। ਇਸ ਤੋਂ ਬਾਅਦ ਕੋ-ਪਾਇਲਟ ਨੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਈ। ਏਅਰਲਾਈਨਸ ਨੇ ਇਸ ਨੂੰ ਮੈਡੀਕਲ ਐਮਰਜੰਸੀ ਦਾ ਨਾਂਅ ਦਿੱਤਾ ਅਤੇ ਇਸ ਲਈ ਯਾਤਰੀਆਂ ਤੋਂ ਮੁਆਫੀ ਮੰਗੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸ ਜਹਾਜ਼ ਰਾਹੀਂ ਯਾਤਰਾ ਕਰਦੇ ਇੱਕ ਯਾਤਰੀ ਨੇ ਦੱਸਿਆ ਕਿ ਉਡਾਣ ਤੋਂ ਪਹਿਲਾਂ ਹੀ ਉਸ ਨੂੰ ਠੀਕ ਨਹੀਂ ਲੱਗਦਾ ਸੀ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ ਵਿੱਚ ਯਾਤਰਾ ਕਰਦੇ ਬਹੁਤੇ ਲੋਕ ਤੁਰਕੀ ਵਿੱਚ ਛੁੱਟੀ ਮਨਾਉਣ ਚੱਲੇ ਸਨ। ਜਹਾਜ਼ ਨੇ ਪਹਿਲਾਂ ਹੀ ਅੱਠ ਘੰਟੇ ਲੇਟ ਉਡਾਣ ਭਰੀ ਸੀ। ਇਸੇ ਕਾਰਨ ਏਅਰਲਾਈਨਜ਼ ਨੇ ਫਲਾਈਟ ਵਿੱਚ ਸਾਰੇ ਯਾਤਰੀਆਂ ਨੂੰ 15 ਯੂਰੋ ਦਾ ਵਾਊਚਰ ਅਤੇ ਫਰੀ ਖਾਣਾ ਦਿੱਤਾ ਸੀ।

## ਬਿਲਕੀਸ ਕਾਂਡ ਵਿਚ ਦੋਸ਼ੀਆਂ ਦੀ ਰਿਹਾਈ ਦੇ ਖਿਲਾਫ ਸਾਬਕਾ ਅਫਸਰਾਂ ਵੱਲੋਂ ਚੀਫ ਜਸਟਿਸ ਨੂੰ ਪੱਤਰ



ਬਿਲਕਿਸ ਬਾਨੋ ਦੀ ਫਾਈਲ ਫੋਟੋ

ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਕੇਸ ਵਾਲੇ 11 ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਉਨ੍ਹਾਂ ਨੂੰ ਛੱਡ ਦੇਣ ਦੇ ਫੈਸਲੇ ਖਿਲਾਫ 130 ਤੋਂ ਵੱਧ ਸਾਬਕਾ ਨੌਕਰਸ਼ਾਹਾਂ ਨੇ ਦੇਸ਼ ਦੇ ਚੀਫ ਜਸਟਿਸ ਨੂੰ ਖੁੱਲ੍ਹਾ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਭਿਆਨਕ ਗਲਤ ਫੈਸਲੇ ਨੂੰ ਸੋਧਿਆ ਜਾਵੇ।

ਇਨ੍ਹਾਂ ਸਾਬਕਾ ਅਧਿਕਾਰੀਆਂ ਨੇ ਚੀਫ ਜਸਟਿਸ ਨੂੰ ਕਿਹਾ ਹੈ ਕਿ ਗੁਜਰਾਤ ਸਰਕਾਰ ਵੱਲੋਂ 11 ਦੋਸ਼ੀਆਂ ਦੀ ਸਜ਼ਾ ਮੁਆਫ ਕਰਨ ਦਾ ਹੁਕਮ ਬਦਲਿਆ ਜਾਵੇ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਪੂਰੀ ਕਰਨ ਲਈ ਮੁੜ ਜੇਲ੍ਹ ਭੇਜਿਆ ਜਾਵੇ। ਇਸ ਪੱਤਰ ਵਿੱਚ ਕਿਹਾ ਗਿਆ ਹੈ, ‘‘ਦੇਸ਼ ਦੇ ਬਹੁਗਿਣਤੀ ਲੋਕਾਂ ਵਾਂਗ ਅਸੀਂ ਵੀ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਗੁਜਰਾਤ ਦੇ ਕੁਝ ਦਿਨ ਪਹਿਲਾਂ ਦੇ ਘਟਨਾਕ੍ਰਮ ਤੋਂ ਹੈਰਾਨ ਹਾਂ।'' ਕੰਸਟੀਚਿਊਸ਼ਨਲ ਕੰਡਕਟ ਗਰੁੱਪ ਦੀ ਅਗਵਾਈ ਹੇਠ ਲਿਖੇ ਪੱਤਰ ਉੱਤੇ 134 ਸਾਬਕਾ ਅਫਸਰਾਂ ਦੇ ਦਸਖਤ ਹਨ। ਇਨ੍ਹਾਂ ਵਿੱਚ ਦਿੱਲੀ ਦੇ ਸਾਬਕਾ ਲੈਫਟੀਨੈਂਟ ਗਵਰਨਰ ਨਜੀਬ ਜੰਗ, ਸਾਬਕਾ ਕੈਬਨਿਟ ਸੈਕਟਰੀ ਕੇ ਐਮ ਚੰਦਰਸ਼ੇਖਰ, ਸਾਬਕਾ ਵਿਦੇਸ਼ ਸੈਕਟਰੀ ਸ਼ਿਵਸ਼ੰਕਰ ਮੈਨਨ, ਸੁਜਾਤਾ ਸਿੰਘ ਅਤੇ ਸਾਬਕਾ ਹੋਮ ਸੈਕਟਰੀ ਜੀ ਕੇ ਪਿੱਲੇ ਦੇ ਨਾਂਅ ਪ੍ਰਮੁੱਖ ਹਨ। ਇਨ੍ਹਾਂ ਸਾਬਕਾ ਅਫਸਰਾਂ ਨੇ ਕਿਹਾ ਹੈ ਕਿ ਦੋਸ਼ੀਆਂ ਦੀ ਰਿਹਾਈ ਦੇਸ਼ ਦਾ ਅਪਮਾਨ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਛੱਡਣ ਦਾ ਨਾ ਸਿਰਫ ਬਿਲਕੀਸ ਬਾਨੋ ਤੇ ਉਸ ਦੇ ਪਰਵਾਰ ਤੇ ਹਮਾਇਤੀਆਂ ਉੱਤੇ ਮਾੜਾ ਅਸਰ ਪਵੇਗਾ, ਸਗੋਂ ਇਹ ਦੇਸ਼ ਵਿੱਚ ਸਾਰੀਆਂ ਔਰਤਾਂ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਕੇਸ ਵੀ ਹੈ, ਜੋ ਘੱਟ ਗਿਣਤੀ ਅਤੇ ਹਾਸ਼ੀਏ ਉੱਤੇ ਧੱਕੇ ਭਾਈਚਾਰਿਆਂ ਨਾਲ ਸਬੰਧਤ ਹਨ।

## ਰਾਹੁਲ ਨੂੰ ਦੀਖਸ਼ਾ ਦੇਣ ਵਾਲੇ ਮਹੰਤ ਉਤੇ ਸੈਕਸ ਸ਼ੋਸ਼ਣ ਦਾ ਕੇਸ



ਮੈਸੂਰ, 28 ਅਗਸਤ (ਪੋਸਟ ਬਿਊਰੋ)- ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਦੀਕਸ਼ਾ ਦੇਣ ਵਾਲੇ ਚਿਤਰਦੁਰਗ ਜ਼ਿਲ੍ਹੇ ਦੇ ਮੁਰੂਗਾ ਮੱਠ ਦੇ ਲਿੰਗਾਇਤ ਮਹੰਤ ਦੇ ਖਿਲਾਫ ਕਰਨਾਟਕ ਪੁਲਸ ਨੇ ਸੈਕਸ ਅਪਰਾਧਾਂ ਤੋਂ ਬੱਚਿਆਂ ਦੀ ਰਾਖੀ ਲਈ ਬਣੇ ਕਾਨੂੰਨ ਪੋਕਸੋ ਦਾ ਕੇਸ ਦਰਜ ਕੀਤਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬਾਲ ਕਲਿਆਣ ਕਮੇਟੀ (ਸੀ ਡਬਲਯੂ ਸੀ) ਦੀ ਸ਼ਿਕਾਇਤ ਦੇ ਆਧਾਰ ਉੱਤੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਮੈਸੂਰ ਦੇ ਐਨ ਜੀ ਓ ਓਡਾਨਾਡੀ ਨੇ ਵਿਦਿਆਰਥਣਾਂ ਦੀ ਰੱਖਿਆ ਅਤੇ ਮਹੰਤ ਦੇ ਖਿਲਾਫ ਕਾਰਵਾਈ ਲਈ ਸੀ ਡਬਲਯੂ ਸੀ ਨਾਲ ਸੰਪਰਕ ਕੀਤਾ ਸੀ। ਪੀੜਤ ਵਿਦਿਆਰਥਣਾਂ ਮੱਠ ਦੇ ਰਿਹਾਇਸ਼ੀ ਕੰਪਲੈਕਸ ਵਿੱਚ ਰੁਕੀਆਂ ਸਨ। ਦੋਸ਼ ਹੈ ਕਿ ਵਿਦਿਆਰਥਣਾਂ ਦੇ ਖਾਣ-ਪੀਣ ਵਿੱਚ ਨਸ਼ੀਲਾ ਤੱਤ ਮਿਲਾ ਕੇ ਮਹੰਤ ਨੇ ਉਨ੍ਹਾਂ ਦਾ ਸੈਕਸ ਸ਼ੋਸ਼ਣ ਕੀਤਾ ਸੀ। ਮੱਠ ਵਿੱਚ ਹੋਰ ਵੀ ਕਈ ਲੜਕੀਆਂ ਹਨ, ਜਿਨ੍ਹਾਂ ਦਾ ਸੈਕਸ ਸ਼ੋਸ਼ਣ ਕੀਤਾ ਜਾਂਦਾ ਹੈ। ਪੀੜਤਾਂ ਨੇ ਮਹੰਤ ਦਾ ਪ੍ਰਭਾਵ ਵੇਖਦੇ ਹੋਏ ਮੈਸੂਰ ਆ ਕੇ ਮਦਦ ਲਈ ਓਡਾਨਾਡੀ ਐਨ ਜੀ ਓ ਨਾਲ ਸੰਪਰਕ ਕੀਤਾ। ਸ਼ਿਕਾਇਤ ਉੱਤੇ ਪੁਲਸ ਨੇ ਮਹੰਤ ਉੱਤੇ ਪੋਕਸੋ ਦਾ ਕੇਸ ਦਰਜ ਕੀਤਾ ਹੈ। ਉਸ ਔਰਤ ਵਾਰਡਨ ਖਿਲਾਫ ਵੀ ਕੇਸ ਦਰਜ ਕੀਤਾ ਗਿਆ ਹੈ, ਜਿਸ ਉੱਤੇ ਕੁੜੀਆਂ ਨੂੰ ਮਹੰਤ ਕੋਲ ਭੇਜਣ ਦਾ ਦੋਸ਼ ਹੈ। ਕੇਸ ਵਿੱਚ ਮੱਠ ਦਾ ਇੱਕ ਸਵਾਮੀ ਤੇ ਦੋ ਹੋਰ ਦੋਸ਼ੀ ਵੀ ਸ਼ਾਮਲ ਹਨ। ਰਾਹੁਲ ਗਾਂਧੀ ਨੇ ਪਿੱਛੇ ਜਿਹੇ ਕਰਨਾਟਕ ਦੌਰੇ ਦੌਰਾਨ ਮੁਰੂਗਾ ਮੱਠ ਵਿੱਚ ਮਹੰਤ ਤੋਂ ਲਿੰਗਾਇਤ ਸੰਪਰਦਾਇਕ ਦੀ ਦੀਖਸ਼ਾ ਲਈ ਸੀ।

### ਪਰਿਵਾਰ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਜਹਾਜ਼ ਵਿੱਚ ਬੰਬ ਹੋਣ ਦੀ ਅਫਵਾਹ ਫੈਲਾਅ ਦਿੱਤੀ

ਚੇਨਈ, 28 ਅਗਸਤ (ਪੋਸਟ ਬਿਊਰੋ)- ਨਸ਼ੇ ਵਿੱਚ ਟੱਲੀ ਇੱਕ ਵਿਅਕਤੀ ਆਪਣੇ ਪਰਵਾਰ ਨੂੰ ਵਿਦੇਸ਼ ਜਾਣ ਤੋਂ ਰੋਕਣਾ ਚਾਹੁੰਦਾ ਸੀ, ਉਸ ਨੇ ਫੋਨ ਕਰ ਕੇ ਨਿੱਜੀ ਹਵਾਈ ਕੰਪਨੀ ਇੰਡੀਗੋ ਨੂੰ ਦੁਬਈ ਜਾ ਰਹੇ ਜਹਾਜ਼ ਵਿੱਚ ਬੰਬ ਹੋਣ ਦੀ ਫਰਜ਼ੀ ਸੂਚਨਾ ਦੇ ਦਿੱਤੀ ਸੀ, ਪਰ ਬਾਅਦ ਉਹ ਖੁਦ ਹੀ ਫਸ ਗਿਆ। ਹਵਾਈ ਅੱਡੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਚੇਨਈ ਦਾ ਵਿਅਕਤੀ ਆਪਣੇ ਪਰਵਾਰ ਦੇ ਦੋ ਮੈਂਬਰਾਂ ਨੂੰ ਦੁਬਈ ਜਾਣ ਤੋਂ ਰੋਕਣਾ ਚਾਹੁੰਦਾ ਸੀ, ਜਿਸ ਕਾਰਨ ਉਸ ਨੇ ਪੁਲਸ ਕੰਟਰੋਲ ਰੂਮ ਵਿੱਚ ਜਹਾਜ਼ ਵਿੱਚ ਬੰਬ ਹੋਣ ਦੀ ਧਮਕੀ ਵਾਲਾ ਫੋਨ ਕੀਤਾ। ਫੋਨ ਆਉਣ ਪਿੱਛੋਂ ਸੁਰੱਖਿਆ ਏਜੰਸੀਆਂ ਨੇ ਇਹ ਪਤਾ ਲਾਉਣ ਲਈ ਜਾਂਚ ਕੀਤੀ ਕਿ ਕੀ ਇੰਡੀਗੋ ਜਹਾਜ਼ ਵਿੱਚ ਕੋਈ ਵਿਸਫੋਟਕ ਹੈ। ਉਨ੍ਹਾਂ ਦੱਸਿਆ ਕਿ ਜਹਾਜ਼ ਵਿੱਚ ਅਜਿਹੀ ਕੋਈ ਚੀਜ਼ ਨਾ ਮਿਲਣ ਕਾਰਨ ਅਧਿਕਾਰੀਆਂ ਅਤੇ ਯਾਤਰੀਆਂ ਨੇ ਸੁੱਖ ਦਾ ਸਾਹ ਲਿਆ। ਅਧਿਕਾਰੀਆਂ ਅਨੁਸਾਰ ਬੰਬ ਦੀ ਧਮਕੀ ਦੇ ਫੋਨ ਕਾਰਨ ਜਿਸ ਜਹਾਜ਼ ਨੂੰ ਸਵੇਰੇ 7.20 ਵਜੇ ਰਵਾਨਾ ਹੋਣਾ ਸੀ, ਉਸ ਨੇ ਜਾਂਚ ਪਿੱਛੋਂ ਉਡਾਣ ਭਰੀ। ਉਨ੍ਹਾਂ ਨੇ ਦੱਸਿਆ ਕਿ ਜਾਂਚ ਵਿੱਚ ਫੋਨ ਕਰਨ ਵਾਲੇ ਵਿਅਕਤੀ ਦੀ ਪਛਾਣ ਹੋ ਗਈ ਹੈ, ਉਸ ਨੇ ਆਪਣੇ ਪਰਵਾਰ ਦੇ ਦੋ ਜੀਆਂ ਨੂੰ ਦੁਬਈ ਜਾਣ ਤੋਂ ਰੋਕਣ ਲਈ ਨਸ਼ੇ ਵਿੱਚ ਇਹ ਕਦਮ ਉਠਾਇਆ ਸੀ। ਅਧਿਕਾਰੀਆਂ ਮੁਤਾਬਕ ਉਕਤ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

## ਭਾਰਤ ਵਿੱਚ 5 ਸਾਲਾਂ ਵਿੱਚ ਸਾਈਬਰ ਕਰਾਈਮ ਦੁੱਗਣੇ ਤੋਂ ਵਧ ਗਏ

* ਪੰਜਾਬ, ਰਾਜਸਥਾਨ, ਗੋਆ, ਅਸਾਮ ਵਿੱਚ ਇੱਕ ਵੀ ਕੰਟਰੋਲ ਸੈਲ ਨਹੀਂ



ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਤਕਨੀਕੀ ਵਿਕਾਸ ਦੇ ਨਾਲ ਸਾਈਬਰ ਕਰਾਈਮ ਵੀ ਵਧਦੇ ਜਾ ਰਹੇ ਹਨ। ਸਾਲ 2017 ਵਿੱਚ ਹੋਏ ਸਾਈਬਰ ਕਰਾਈਮ ਦੀ ਗਿਣਤੀ ਤੋਂ ਸਿਰਫ ਪੰਜ ਸਾਲ ਵਿੱਚ ਇਹ ਦੁੱਗਣੇ ਨਾਲੋਂ ਵੱਧ ਹੋ ਚੁੱਕੇ ਹਨ। ਕਈ ਨੌਜਵਾਨ ਸਿਰਫ ਰੋਮਾਂਚ ਲਈ ਅਪਰਾਧ ਕਰ ਰਹੇ ਹਨ। ਇਹ ਅਪਰਾਧ ਸ਼ਹਿਰ, ਰਾਜ ਅਤੇ ਦੇਸ਼ ਦੀਆਂ ਸੀਮਾਵਾਂ ਤੋਂ ਅੱਗੇ ਜਾ ਕੇ ਵੀ ਹੋ ਰਹੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਰੋਕਣ ਜਾਂ ਅਪਰਾਧੀਆਂ ਨਾਲ ਨਿਪਟਣ ਲਈ ਲੋੜੀਂਦੇ ਪੁਲਸ ਮੁਲਾਜ਼ਮ ਟਰੇਂਡ ਨਹੀਂ ਹਨ।

ਵੱਧਦੇ ਸਾਈਬਰ ਕਰਾਈਮ ਦੀ ਸਮੱਸਿਆ ਨਾਲ ਸਾਰੇ ਦੇਸ਼ ਜੂਝ ਰਹੇ ਹਨ। ਅਪਰਾਧੀ ਨਵੇਂ-ਨਵੇਂ ਤਰੀਕੇ ਅਪਣਾ ਕੇ ਸਾਈਬਰ ਕਰਾਈਮ ਕਰਦੇ ਹਨ। ਸੁਰੱਖਿਆ ਤੇ ਜਾਂਚ ਏਜੰਸੀਆਂ ਨੂੰ ਝਕਾਨੀ ਦੇਣ ਲਈ ਉਹ ਅਪਰਾਧ ਦੇ ਨਿੱਤ ਨਵੇਂ ਤਰੀਕੇ ਲੱਭਦੇ ਹਨ। ਪੁਲਸ ਲਈ ਇਹ ਵੱਡੀ ਚੁਣੌਤੀ ਹੁੰਦੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ 2018 ਵਿੱਚ ਦੇਸ਼ ਵਿੱਚ 21,796 ਸਾਈਬਰ ਕਰਾਈਮ ਹੋਏ, ਪਰ 2020 ਵਿੱਚ ਵੱਧ ਕੇ 50,035 ਹੋ ਗਏ। ਪਾਰਲੀਮੈਂਟ ਦੀ ਗ੍ਰਿਹ ਮੰਤਰਾਲੇ ਦੀ ਸਥਾਈ ਕਮੇਟੀ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਅਪਰਾਧੀਆਂ ਦੇ ਕੰਮ ਦਾ ਤਰੀਕਾ ਤੇ ਲਗਾਤਾਰ ਅਪਡੇਟ ਹੋ ਰਹੀ ਤਕਨੀਕ ਸਮਝਣ ਲਈ ਪੁਲਸ ਨੂੰ ਖੁਦ ਨੂੰ ਤਿਆਰ ਕਰਨਾ ਹੋਵੇਗਾ। ਪਾਰਲੀਮੈਂਟਰੀ ਕਮੇਟੀ ਦੀ ਰਿਪੋਰਟ ਨੇ ਰਾਜਾਂ ਵਿੱਚ ਸਾਈਬਰ ਕਰਾਈਮ ਉੱਤੇ ਕੰਟਰੋਲ ਵਾਲੇ ਪ੍ਰਬੰਧਾਂ ਉਤੇ ਸਵਾਲ ਉਠਾਏ ਹਨ। ਦੱਸਿਆ ਹੈ ਕਿ ਪੰਜਾਬ, ਰਾਜਸਥਾਨ, ਗੋਆ ਤੇ ਅਸਾਮ ਦੇ ਕਿਸੇ ਵੀ ਜ਼ਿਲ੍ਹੇ ਵਿੱਚ ਸਾਈਬਰ ਕਰਾਈਮ ਨਾਲ ਨਜਿੱਠਣ ਲਈ ਇੱਕ ਵੀ ਸਾਈਬਰ ਕਰਾਈਮ ਕੰਟਰੋਲ ਸੈਲ ਨਹੀਂ ਹੈ। ਆਂਧਰਾ ਪ੍ਰਦੇਸ਼, ਕਰਨਾਟਕ ਤੇ ਉਤਰ ਪ੍ਰਦੇਸ਼ ਵਿੱਚ ਇੱਕ ਜਾਂ ਦੋ ਸਾਈਬਰ ਕਰਾਈਮ ਸੈਲ ਹਨ। ਨਿਊ ਜਾਮਤਾੜਾ ਵਿੱਚ ਨਵੀਂ ਤਰ੍ਹਾਂ ਦੇ ਸਾਈਬਰ ਕਰਾਈਮ ਕਰਨ ਵਾਲੇ ਲੋਕਾਂ ਦਾ ਗੜ੍ਹ ਦਾ। ਇਹ ਅਪਰਾਧ ਹਰਿਆਣਾ, ਰਾਜਸਥਾਨ ਅਤੇ ਉਤਰ ਪ੍ਰਦੇਸ਼ ਵਿੱਚ ਤੇਜ਼ੀ ਨਾਲ ਹੁੰਦਾ ਹੈ।

## ਸੋਨਾਲੀ ਫੋਗਾਟ ਕੇਸ ਵਿਚ ਨਸ਼ਾ ਤਸਕਰ ਤੇ ਰੈਸਟੋਰੈਂਟ ਮਾਲਕ ਗ੍ਰਿਫਤਾਰ



ਪਣਜੀ, 28 ਅਗਸਤ (ਪੋਸਟ ਬਿਊਰੋ)- ਭਾਜਪਾ ਆਗੂ ਸੋਨਾਲੀ ਫੋਗਾਟ ਦੇ ਕਤਲ ਕੇਸ ਵਿੱਚ ਪੁਲਸ ਨੇ ਕੱਲ੍ਹ ਗੋਆ ਦੇ ਇੱਕ ਰੈਸਟੋਰੈਂਟ ਮਾਲਕ ਤੇ ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਕੇਸ ਵਿੱਚ ਪਹਿਲਾਂ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਨੂੰ ਨਸ਼ਾ ਇਸੇ ਤਸਕਰ ਨੇ ਪੁਚ-ਾਇਆ ਸੀ, ਜੋ ਉਨ੍ਹਾਂ ਸੋਨਾਲੀ ਨੂੰ ਪਿਆਇਆ ਸੀ। ਇਸ ਕੇਸ ਵਿੱਚ ਅੱਜ ਤਕ ਪੁਲਸ ਨੇ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸੇ ਦੌਰਾਨ ਅਦਾਲਤ ਨੇ ਕੱਲ੍ਹ ਪਹਿਲਾਂ ਗ੍ਰਿਫਤਾਰ ਕੀਤੇ ਦੋ ਜਣਿਆਂ ਸੁਧਾਰ ਸਾਂਗਵਾਨ ਤੇ ਸੁਖਵਿੰਦਰ ਸਿੰਘ ਦਾ ਪੁਲਸ ਨੂੰ ਦਸ ਦਿਨ ਦਾ ਰਿਮਾਂਡ ਦੇ ਦਿੱਤਾ ਹੈ।

ਕੱਲ੍ਹ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰ ਦੀ ਪਛਾਣ ਦੱਤਾਪ੍ਰਸਾਦ ਗਾਓਂਕਰ ਵਜੋਂ ਹੋਈ ਹੈ। ਇਸ ਰੈਸਟੋਰੈਂਟ ਦੇ ਮਾਲਕ ਦਾ ਨਾਂਅ ਐਡਵਿਨ ਨਨਜ਼ ਹੈ, ਜਿਸ ਦੇ ਕਰਲੀਜ਼ ਰੈਸਟੋਰੈਂਟ ਵਿੱਚ ਮੌਤ ਤੋਂ ਪਹਿਲਾਂ ਫੋਗਾਟ ਅਤੇ ਮੁਲਜ਼ਮਾਂ ਨੇ ਪਾਰਟੀ ਕੀਤੀ ਸੀ। ਇਨ੍ਹਾਂ ਨੂੰ ਕੱਲ੍ਹ ਸਵੇਰੇ ਅੰਜੁਨਾ ਤੋਂ ਗ੍ਰਿਫਤਾਰ ਕੀਤਾ ਗਿਆ। ਸਾਂਗਵਾਨ ਤੇ ਸੁਖਵਿੰਦਰ ਨੇ ਪੁਲਸ ਕੋਲ ਮੰਨਿਆ ਕਿ ਉਨ੍ਹਾਂ ਨਸ਼ਾ ਗਾਓਂਕਰ ਤੋਂ ਲਿਆ ਸੀ। ਤਸਕਰ ਤੇ ਰੈਸਟੋਰੈਂਟ ਮਾਲਕ ਨੂੰ ਐਨ ਡੀ ਪੀ ਐਸ ਐਕਟ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਪਹਿਲਾਂ ਕਿਹਾ ਸੀ ਕਿ ਸਾਂਗਵਾਨ ਤੇ ਸੁਖਵਿੰਦਰ ਨੇ ਫੋਗਾਟ ਨੂੰ ਪਾਣੀ ਵਿੱਚ ਕੋਈ ਪਦਾਰਥ ਘੋਲ ਕੇ ਜਬਰੀ ਪਿਲਾਇਆ ਸੀ। 42 ਸਾਲਾ ਅਭਿਨੇਤਰੀ ਤੇ ਸਿਆਸੀ ਆਗੂ ਦੀ 23 ਅਗਸਤ ਨੂੰ ਗੋਆ ਵਿੱਚ ਮੌਤ ਹੋ ਗਈ ਸੀ। ਪੁਲਸ ਨੂੰ ਸ਼ੱਕ ਹੈ ਕਿ ਹੱਤਿਆ ਦਾ ਕਾਰਨ ਆਰਥਿਕ ਹਿੱਤ ਹੋ ਸਕਦੇ ਹਨ।

## ਭ੍ਰਿਸ਼ਟ ਇੰਜੀਨੀਅਰ ਦੇ ਘਰ ਵਿਜੀਲੈਂਸ ਦਾ ਛਾਪਾ, ਕਰੋੜਾਂ ਬਰਾਮਦ



ਪਟਨਾ, 28 ਅਗਸਤ (ਪੋਸਟ ਬਿਊਰੋ)- ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਕੇਸ ਵਿੱਚ ਵਿਜੀਲੈਂਸ ਨੇ ਬਿਹਾਰ ਵਿੱਚ ਇੰਜੀਨੀਅਰ ਸੰਜੇ ਕੁਮਾਰ ਰਾਏ ਦੇ ਘਰ ਛਾਪਾ ਮਾਰਿਆ, ਜਿੱਥੇ ਕਰੋੜਾਂ ਰੁਪਏ ਅਤੇ ਗਹਿਣੇ ਮਿਲੇ ਹਨ।

ਮਿਲੀ ਜਾਣਕਾਰੀ ਮੁਤਾਬਕ ਦੋ ਟਿਕਾਣਿਆਂ ਵਿੱਚ ਹੋਈ ਛਾਪੇ ਵਿੱਚ ਕਰੀਬ ਪੰਜ ਕਰੋੜ ਰੁਪਏ ਦੀ ਨਗਦੀ ਅਤੇ ਗਹਿਣੇ ਮਿਲੇ ਹਨ। ਵਿਜੀਲੈਂਸ ਟੀਮ ਨੇ ਪੇਂਡੂ ਕਾਰਜ ਵਿਭਾਗ ਦੇ ਕਿਸ਼ਨਗੰਜ ਮੰਡਲ ਦੇ ਕਾਰਜਕਾਰੀ ਇੰਜੀਨੀਅਰ ਸੰਜੇ ਕੁਮਾਰ ਰਾਏ ਵਿਰੁੱਧ ਵਸੀਲਿਆਂ ਤੋਂ ਵੱਧ ਜਾਇਦਾਦ ਦਾ ਕੇਸ ਦਰਜ ਕੀਤਾ ਹੈ। ਕੱਲ੍ਹ ਵਿਜੀਲੈਂਸ ਟੀਮ ਨੇ ਕਿਸ਼ਨਗੰਜ ਤੇ ਪਟਨੇ ਵਿੱਚ ਸੰਜੇ ਰਾਏ ਦੇ ਟਿਕਾਣਿਆਂ ਉੱਤੇ ਛਾਪੇ ਮਾਰੇ। ਟੀਮ ਜਦੋਂ ਇੱਥੇ ਪੁੱਜੀ ਤਾਂ ਪਤਾ ਲੱਗਾ ਕਿ ਇੰਜੀਨੀਅਰ ਸਾਰੀ ਨਗਦੀ ਆਪਣੇ ਜੂਨੀਅਰ ਇੰਜੀਨੀਅਰ ਅਤੇ ਕੈਸ਼ੀਅਰ ਕੋਲ ਰੱਖਦਾ ਹੈ। ਇਸ ਪਿੱਛੋਂ ਵਿਜੀਲੈਂਸ ਟੀਮ ਨੇ ਇੱਥੇ ਛਾਪਾ ਮਾਰ ਕੇ ਕਰੀਬ ਪੰਜ ਕਰੋੜ ਦੀ ਨਗਦੀ ਲੱਭ ਲਈ। ਵਿਜੀਲੈਂਸ ਵਿਭਾਗ ਦੱਸਿਆ ਕਿ ਵਿਭਾਗ ਪਟਨਾ ਤੇ ਕਿਸ਼ਨਗੰਜ ਵਿੱਚ ਤਿੰਨ-ਚਾਰ ਟਿਕਾਣਿਆਂ ਵਿੱਚ ਛਾਪੇਮਾਰੀ ਕੀਤੀ ਹੈ ਅਤੇ ਕਈ ਦਸਤਾਵੇਜ਼ ਤੇ ਗਹਿਣੇ ਬਰਾਮਦ ਕੀਤੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਨੋਟਾਂ ਦੀ ਗਿਣਤੀ ਲਈ ਮਸ਼ੀਨ ਮੰਗਵਾਉਣੀ ਪਈ ਸੀ।

## ਮੰਦਰ ਵਿੱਚ ਸ਼ਾਹਨਵਾਜ਼ ਦੀ ਫੋਟੋ ਜਾਰੀ ਕਰ ਕੇ ਕਾਂਗਰਸ ਵੱਲੋਂ ਭਾਜਪਾ ਉਤੇ ਪਲਟਵਾਰ

* ਨਿਤੀਸ਼ ਸਰਕਾਰ ਦੇ ਮੰਤਰੀ ਉੱਤੇ ਭਾਜਪਾ ਨੇ ਸਵਾਲ ਚੁੱਕੇ ਸਨ



ਪਟਨਾ, 28 ਅਗਸਤ (ਪੋਸਟ ਬਿਊਰੋ)- ਗਯਾ ਦੇ ਵਿਸ਼ਨੂੰਪਦ ਮੰਦਰ ਵਿੱਚ ਨਿਤੀਸ਼ ਸਰਕਾਰ ਦੇ ਇੱਕ ਮੰਤਰੀ ਮੁਹੰਮਦ ਇਸਰਾਈਲ ਦੇ ਜਾਣ ਉੱਤੇ ਭਾਜਪਾ ਵੱਲੋਂ ਕੀਤੇ ਹੰਗਾਮੇ ਪਿੱਛੋਂ ਕਾਂਗਰਸ ਨੇ ਸੂਬੇ ਦੇ ਸਾਬਕਾ ਮੰਤਰੀ ਅਤੇ ਭਾਜਪਾ ਨੇਤਾ ਸ਼ਾਹਨਵਾਜ ਹੁਸੈਨ ਸਬੰਧੀ ਪਲਟਵਾਰ ਕੀਤਾ ਮੰਦਰ ਵਿੱਚ ਸ਼ਾਹਨਵਾਜ਼ ਦੀ ਫੋਟੋ ਜਾਰੀ ਕਰ ਕੇ ਪੁੱਛਿਆ ਹੈ ਕਿ ਭਾਜਪਾ ਮੁਹੰਮਦ ਮਨਸੂਰੀ ਉੱਤੇ ਸਵਾਲ ਚੁੱਕਦੀ ਹੈ, ਸ਼ਾਹਨਵਾਜ਼ ਹੁਸੈਨ ਬਾਰੇ ਉਸ ਦਾ ਕੀ ਕਹਿਣਾ ਹੈ।

ਕਾਂਗਰਸ ਨੇ ਕੱਲ੍ਹ ਜੋ ਤਸਵੀਰ ਜਾਰੀ ਕੀਤੀ, ਉਸ ਵਿੱਚ ਸ਼ਾਹਨਵਾਜ਼ ਹੁਸੈਨ ਇੱਕ ਮੰਦਰ ਵਿੱਚ ਯੱਗ ਕੁੰਡ ਨੇੜੇ ਬੈਠੇ ਹਨ ਅਤੇ ਪੁਜਾਰੀ ਉਨ੍ਹਾਂ ਨੂੰ ਅਸ਼ੀਰਵਾਦ ਦੇ ਰਿਹਾ ਹੈ। ਕਾਂਗਰਸ ਦੇ ਸੂਬਾਈ ਬੁਲਾਰੇ ਅਸਿਤਨਾਥ ਤਿਵਾੜੀ ਨੇ ਕੱਲ੍ਹ ਇਹ ਫੋਟੋ ਜਾਰੀ ਕਰ ਕੇ ਕਿਹਾ ਕਿ ਮਨਸੂਰੀ ਬਾਰੇ ਬੋਲਣ ਵਾਲੇ ਭਾਜਪਾ ਨੇਤਾ ਦੱਸਣ ਕਿ ਸਾਬਕਾ ਮੰਤਰੀ ਸ਼ਾਹਨਵਾਜ਼ ਹੁਸੈਨ ਮੰਦਰ ਵਿੱਚ ਕੀ ਕਰਦੇ ਹਨ। ਭਾਜਪਾ ਨੇਤਾ ਸ਼ਾਹਨਵਾਜ਼ ਨੂੰ ਮੰਦਰ ਕਿਉਂ ਲੈ ਕੇ ਆਏ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਗਯਾ ਦੇ ਦੌਰੇ ਵੇਲੇ ਮੁਹੰਮਦ ਇਸਰਾਈਲ ਮਨਸੂਰੀ ਅਤੇ ਹੋਰ ਮੰਤਰੀ ਉਨ੍ਹਾਂ ਦੇ ਨਾਲ ਸਨ। ਸੀ ਐਮ ਵਿਸ਼ਨੂੰਪਦ ਮੰਦਰ ਵਿੱਚ ਜਦੋਂ ਗਏ ਤਾਂ ਉਨ੍ਹਾਂ ਨਾਲ ਮਨਸੂਰੀ ਵੀ ਓਥੇ ਗਏ। ਇਸ ਤੋਂ ਬਾਅਦ ਭਾਜਪਾ ਨੇ ਇਸ ਉੱਤੇ ਸਵਾਲ ਚੁੱਕੇ ਤੇ ਕਿਹਾ ਕਿ ਜਿਸ ਮੰਦਰ ਵਿੱਚ ਮੁਸਲਿਮ ਦੇ ਦਾਖਲੇ ਉੱਤੇ ਪਾਬੰਦੀ ਹੈ, ਉਥੇ ਮੁੱਖ ਮੰਤਰੀ ਮਨਸੂਰੀ ਨੂੰ ਲੈ ਕੇ ਕਿਉਂ ਗਏ। ਇਸੇ ਕੇਸ ਵਿੱਚ ਕਾਂਗਰਸ ਨੇ ਭਾਜਪਾ ਉੱਤੇ ਪਲਟਵਾਰ ਕੀਤਾ ਹੈ।




# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ

## *ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਸਜਾਇਆ ਨਗਰ ਕੀਰਤਨ

ਅੰਮ੍ਰਿਤਸਰ, 28 ਅਗਸਤ(ਗਿਆਨ ਸਿੰਘ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਇਸ ਨਗਰ ਕੀਰਤਨ ਦੀ ਰਵਾਨਗੀ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ।

ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਵੱਡੀ ਗਿਣਤੀ ਵਿਚ ਜੁੜੀਆਂ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਅਤੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਇਸ਼ਟ ਹਨ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਪਾਵਨ ਗੁਰਬਾਣੀ ਵੱਲੋਂ ਦਰਸਾਏ ਮਾਰਗ ’ਤੇ ਚੱਲ ਕੇ ਜੀਵਨ ਬਤੀਤ ਕਰੇ। ਉਨ੍ਹਾਂ ਕਿਹਾ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਹੱਥੀਂ ਸੰਨ 1604 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰ ਕੇ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਸੇਵਾ ਸੰਭਾਲ ਦੀਆਂ ਸੇਵਾਵਾਂ ਦਿੱਤੀਆਂ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਰੋਜ਼ਾਨਾ ਮਰਯਾਦਾ ਕਾਇਮ ਕੀਤੀ, ਜੋ ਨਿਰੰਤਰ ਜਾਰੀ ਹੈ। ਉਨ੍ਹਾਂ ਆਖਿਆ ਕਿ ਗੁਰੂ ਕਾਲ ਤੋਂ ਲੈ ਕੇ ਅੱਜ ਤੱਕ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸੰਗਤਾਂ ਰਵਾਇਤਾਂ ਅਨੁਸਾਰ ਇਕੱਤਰ ਹੁੰਦੀਆਂ ਹਨ ਅਤੇ ਆਪਣੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੀਆਂ ਹਨ। ਇਸੇ ਤਹਿਤ ਹੀ ਪ੍ਰੰਪਰਾ ਅਨੁਸਾਰ ਨਗਰ ਕੀਰਤਨ ਸਜਾਇਆ ਜਾਂਦਾ ਹੈ, ਕਿਉਂਕਿ ਪਹਿਲੇ ਪ੍ਰਕਾਸ਼ ਮੌਕੇ ਗੁਰੂ ਸਾਹਿਬ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਨਗਰ ਕੀਰਤਨ ਦੇ ਰੂਪ ਵਿਚ ਪਾਵਨ ਸਰੂਪ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੈ ਕੇ ਗਏ ਸਨ।

ਨਗਰ ਕੀਰਤਨ ਸਮੇਂ ਸਿੱਖ ਨੌਜੁਆਨਾਂ ਨੇ ਗਤਕਾ ਪ੍ਰਦਰਸ਼ਨ ਕੀਤਾ ਅਤੇ ਸ਼ਬਦੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸੇ ਦੌਰਾਨ ਵੱਖ-ਵੱਖ ਥਾਵਾਂ ’ਤੇ ਸ਼ਰਧਾਲੂਆਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ। ਨਗਰ ਕੀਰਤਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰਜੀਤ ਸਿੰਘ ਬੰਡਾਲਾ, ਸ. ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵਡ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਭਾਈ ਰਾਮ ਸਿੰਘ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਬਾਵਾ ਸਿੰਘ ਗੁਮਾਨਪੁਰਾ, ਬੀਬੀ ਸਵਰਨ ਕੌਰ ਤੇੜਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਬਿਕਰਮਜੀਤ ਸਿੰਘ ਕੋਟਲਾ, ਸ. ਕੁਲਦੀਪ ਸਿੰਘ ਤੇੜਾ, ਅਕਾਲੀ ਆਗੂ ਸ. ਤਲਬੀਰ ਸਿੰਘ ਗਿੱਲ, ਡੀਸੀਪੀ ਸ. ਪ੍ਰਮਿੰਦਰ ਸਿੰਘ ਭੰਡਾਲ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਪ੍ਰਤਾਪ ਸਿੰਘ, ਸ. ਬਿਜੈ ਸਿੰਘ, ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਮੀਤ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਹਰਜਿੰਦਰ ਸਿੰਘ ਕੈਰੋਂਵਾਲ, ਸ. ਗੁਰਮੀਤ ਸਿੰਘ ਬੁੱਟਰ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਗੁਰਚਰਨ ਸਿੰਘ ਕੁਹਾਲਾ, ਸ. ਪਰਮਜੀਤ ਸਿੰਘ, ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਫੈਡਰੇਸ਼ਨ ਆਗੂ ਸ. ਅਮਰਬੀਰ ਸਿੰਘ ਢੋਟ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਬਘੇਲ ਸਿੰਘ, ਸ. ਹਰਪ੍ਰੀਤ ਸਿੰਘ, ਸ. ਨਰਿੰਦਰ ਸਿੰਘ, ਸ. ਸਤਨਾਮ ਸਿੰਘ ਰਿਆੜ, ਸ. ਇਕਬਾਲ ਸਿੰਘ ਮੁਖੀ, ਸ. ਜਸਪਾਲ ਸਿੰਘ ਢੱਡੇ ਸਮੇਤ ਵੱਖ-ਵੱਖ ਸਭਾ ਸੁਸਾਇਟੀਆਂ ਦੇ ਨੁਮਾਇੰਦੇ ਅਤੇ ਸੰਗਤਾਂ ਨੇ ਹਾਜ਼ਰੀ ਭਰੀ।





## ਮੁੱਖ ਮੰਤਰੀ ਦੀ ਪਤਨੀ ਤੇ ਭੈਣ ਨੇ ਬੀਬੀ ਮਾਣੂੰਕੇ ਨਾਲ ਕੀਤੀਆਂ ਵਿਚਾਰਾਂ

### *ਬੀਬੀ ਮਾਣੂੰਕੇ ਦੁਆਰਾ ਕੀਤੇ ਜਾ ਰਹੇ ਕੰਮਾਂ ਦੀ ਕੀਤੀ ਸ਼ਲਾਘਾ



ਨਾਨਕਸਰ/ਜਗਰਾਉਂ, 28 ਅਗਸਤ (ਗਿਆਨ ਸਿੰਘ)- ਵਿਸ਼ਵ ਪ੍ਰਸਿੱਧ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਨੰਦ ਸਿੰਘ ਜੀ ਦੇ ਬਰਸੀ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਉਪਰੰਤ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਧਰਮ ਪਤਨੀ ਡਾ.ਗੁਰਪ੍ਰੀਤ ਕੌਰ ਅਤੇ ਭੈਣ ਮਨਪ੍ਰੀਤ ਕੌਰ ਨੇ ਹਲਕਾ ਜਗਰਾਉਂ ਦੀ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨਾਲ ਵਿਚਾਰਾਂ ਕੀਤੀਆਂ।

ਇਸ ਮੌਕੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਦੱਸਿਆ ਗਿਆ ਕਿ ਉਹਨਾਂ ਦੀ ਟੀਮ ਹਲਕਾ ਜਗਰਾਉਂ ਦਾ ਵਿਕਾਸ ਕਰਨ ਲਈ ਪੂਰੇ ਉਤਸ਼ਾਹ ਨਾਲ ਕੰਮ ਕਰ ਰਹੀ ਹੈ ਅਤੇ ਕੋਈ ਕਸਰ ਬਾਕੀ ਨਹੀਂ ਰਹਿਣ ਦੇਣਾ ਚਾਹੁੰਦੇ। ਉਹਨਾਂ ਦੱਸਿਆ ਕਿ ਬੇਟ ਇਲਾਕੇ ਲਈ ਇੱਕ ਆਈ.ਟੀ.ਆਈ ਬਣਾਈ ਜਾਵੇਗੀ ਅਤੇ ਇੱਕ 66 ਕੇਵੀ ਬਿਜਲੀ ਦਾ ਵੱਡਾ ਗਰਿੱਡ ਸਥਾਪਿਤ ਕਰਵਾਇਆ ਜਾਵੇਗਾ, ਜਿਸ ਲਈ ਉਹ ਪੂਰੀ ਤਰਾਂ ਜੁਟੇ ਹੋਏ ਹਨ। ਉਹਨਾਂ ਆਖਿਆ ਕਿ ਜਗਰਾਉਂ ਇਲਾਕੇ ਦੇ ਵੱਡੇ ਪਿੰਡ ਕਾਉਂਕੇ ਕਲਾਂ ਵਿਖੇ ਵੀ ਇੱਕ 66 ਕੇਵੀ ਗਰਿੱਡ ਲਗਵਾਇਆ ਜਾਵੇਗਾ।

ਇਸ ਤੋਂ ਇਲਾਵਾ ਜਗਰਾਉਂ-ਰਾਏਕੋਟ ਰੋਡ ਉਪਰ ਸਥਿਤੀ ਅਖਾੜੇ ਵਾਲੀ ਨਹਿਰ ਦਾ ਪੁਲ ਜੋ ਅੰਗਰੇਜ਼ਾਂ ਵੇਲੇ ਦਾ ਬਣਿਆ ਹੋਇਆ ਹੈ, ਉਹ ਮਿਆਦ ਪੁਗਾ ਚੁੱਕਾ ਹੈ ਤੇ ਤੰਗ ਹੈ ਅਤੇ ਖਸਤਾ ਹਾਲਤ ਵਿੱਚ ਵੀ ਹੈ ਉਥੇ ਨਵਾਂ ਪੁਲ ਬਨਾਉਣ ਲਈ ਨਬਾਰਡ ਸਕੀਮ ਤਹਿਤ 7 ਕਰੋੜ 80 ਲੱਖ ਰੁਪਏ ਮੰਨਜੂਰ ਹੋ ਚੁੱਕੇ ਹਨ। ਲੋੜੀਂਦੀਆਂ ਕਾਰਵਾਈਆਂ ਮੁਕੰਮਲ ਹੋਣ ਉਪਰੰਤ ਅਖਾੜੇ ਵਾਲੀ ਨਹਿਰ ਦੇ ਪੁਲ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਜਾਵੇਗਾ।

ਉਹਨਾਂ ਹੋਰ ਦੱਸਿਆ ਕਿ ਜਗਰਾਉਂ ਸ਼ਹਿਰ ਦੇ ਬਰਸਾਤੀ ਪਾਣੀ ਅਤੇ ਸੀਵਰੇਜ ਦੀ ਸਫਾਈ ਲਈ ਕਾਰਜ ਚੱਲ ਰਹੇ ਹਨ ਅਤੇ ਸ਼ਹਿਰ ਵਿੱਚੋ ਕੂੜੇ ਦੀ ਢੋਆ-ਢੁਆਈ ਲਈ ਲਗਭਗ 70 ਲੱਖ ਰੁਪਏ ਦੇ ਪ੍ਰੋਜੈਕਟਾਂ ਦੀ ਮੰਨਜੂਰੀ ਲੈਕੇ ਵਿਕਾਸ ਕਾਰਜ ਚੱਲ ਰਹੇ ਹਨ। ਉਹਨਾਂ ਹੋਰ ਦੱਸਿਆ ਕਿ ਜਗਰਾਉਂ ਸ਼ਹਿਰ ਦੀ ਦਾਣਾ ਮੰਡੀ ਵਿੱਚ ਸੀਵਰੇਜ ਦੀ ਸਫਾਈ ਅਤੇ ਫੜਾਂ ਦੀ ਮੁਰੰਮਤ ਕਰਵਾਈ ਜਾ ਰਹੀ ਹੈ ਅਤੇ ਮੰਡੀ ਵਿੱਚ ਵੱਡੀਆਂ ਨਵੀਆਂ ਐਲ.ਈ.ਡੀ.ਲਾਈਟਾਂ ਲਗਵਾਈਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਝੋਨੇ ਦੇ ਸੀਜਨ ਤੋਂ ਪਹਿਲਾਂ ਪਹਿਲਾਂ ਆੜਤੀਆਂ ਤੇ ਕਿਸਾਨਾਂ ਲਈ ਫਸਲਾਂ ਦੀ ਸਾਂਭ ਸੰਭਾਲ ਵਾਸਤੇ ਦੋ ਨਵੇਂ ਸ਼ੈਡ ਬਣਾਏ ਜਾ ਰਹੇ ਹਨ।

ਉਹਨਾਂ ਕਿਹਾ ਕਿ ਹਲਕੇ ਦੀਆਂ ਲਗਭਗ ਸਾਰੀਆਂ 9 ਫੁੱਟੀਆਂ ਸੜਕਾਂ ਨੂੰ 18 ਫੁੱਟ ਚੌੜਾ ਕੀਤਾ ਜਾ ਰਿਹਾ ਹੈ ਅਤੇ ਜਿੱਥੇ ਪ੍ਰੀਮਿਕਸ ਦੀ ਲੋੜ ਹੈ, ਉਹਨਾਂ ਸੜਕਾਂ ਦਾ ਪ੍ਰੀਮਿਕਸ ਪਾ ਕੇ ਨਿਰਮਾਣ ਕਰਵਾਇਆ ਜਾ ਰਿਹਾ ਹੈ। ਵਿਧਾਇਕਾ ਨੇ ਦੱਸਿਆ ਕਿ ਉਹ ਖੁਦ ਅਤੇ ਉਹਨਾਂ ਦੇ ਜੀਵਨ ਸਾਥੀ ਪ੍ਰੋਫੈਸਰ ਸੁਖਵਿੰਦਰ ਸਿੰਘ ਰੋਜ਼ਾਨਾਂ ਆਪਣੇ ਦਫਤਰ ਵਿੱਚ ਬੈਠਕੇ ਰੋਜ਼ਾਨਾਂ ਲਗਭਗ ਦੋ-ਤਿੰਨ ਸੌ ਲੋਕਾਂ ਦੇ ਮਸਲੇ ਆਪਣੀ ਟੀਮ ਸਮੇਤ ਹੱਲ ਕਰਦੇ ਹਨ।

ਵਿਧਾਇਕਾ ਮਾਣੂੰਕੇ ਦੁਆਰਾ ਕਰਵਾਏ ਜਾ ਰਹੇ ਕੰਮਾਂ ਤੋਂ ਡਾ.ਗੁਰਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਵੱਲੋਂ ਸ਼ਲਾਘਾ ਕੀਤੀ ਗਈ ਅਤੇ ਉਹਨਾਂ ਆਖਿਆ ਕਿ ਵਿਧਾਇਕਾ ਮਾਣੂੰਕੇ ਇੱਕ ਔਰਤ ਹੋ ਕੇ ਵੀ ਹਲਕੇ ਦਾ ਵਿਕਾਸ ਕਰਨ ਲਈ ਪੂਰੀ ਸ਼ਿੱਦਤ ਨਾਲ ਜੁਟੇ ਹੋਏ ਹਨ। ਉਹਨਾਂ ਵਿਸ਼ਵਾਸ਼ ਦਿਵ-ਾਇਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਜੀ ਨਾਲ ਵਿਚਾਰ ਕਰਕੇ ਜਗਰਾਉਂ ਹਲਕੇ ਦੀ ਸਹਾਇਤਾ ਲਈ ਵਿਧਾਇਕਾ ਮਾਣੂੰਕੇ ਦਾ ਸਹਿਯੋਗ ਕਰਨਗੇ। ਇਸ ਮੌਕੇ ਵਿਧਾਇਕਾ ਮਾਣੂੰਕੇ ਵੱਲੋਂ ਡਾ.ਗੁਰਪ੍ਰੀਤ ਕੌਰ ਅਤੇ ਭੈਣ ਮਨਪ੍ਰੀਤ ਕੌਰ ਦਾ ਸਨਮਾਨ ਚਿੰਨ ਅਤੇ ਗੁਲਦਸਤੇ ਭੇਟ ਕਰਕੇ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਇਸ ਮੌਕੇ ਉਹਨਾਂ ਦੇ ਨਾਲ ਪ੍ਰੋਫੈਸਰ ਸੁਖਵਿੰਦਰ ਸਿੰਘ, ਗੋਪੀ ਸ਼ਰਮਾਂ, ਅਮਰਦੀਪ ਸਿੰਘ ਟੂਰੇ, ਰਸ਼ਪਾਲ ਸਿੰਘ ਜਗਰਾਉਂ, ਪੱਪੂ ਭੰਡਾਰੀ, ਗੁਰਪ੍ਰੀਤ ਸਿੰਘ ਨੋਨੀ ਸੈਂਭੀ, ਐਡਵੋਕੇਟ ਕਰਮ ਸਿੰਘ ਸਿੱਧੂ, ਲਖਵੀਰ ਸਿੰਘ ਲੱਖਾ, ਰਾਜੇਸ਼ ਕੁਮਾਰ ਆਦਿ ਵੀ ਹਾਜ਼ਰ ਸਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5’10” ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: +1(647) 274-3207 Whatsapp: +91 97794 39200"

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਸਾਰੀਆਂ ਸੱਮਸਿਆਵਾਂ ਦੇ ਇਲਾਜ ਲਈ
AWARD WINNER RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਜ ਕੀਤਾ ਜਾਂਦਾ ਹੈ
- ਗਰਦਨ ਚੁਕ ਅਤੇ ਬੈਕ ਪਰਾਬਲਮ
- ਝਟਕਾ ਪੈਨ ਅਤੇ ਸ਼ੋਚੋ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
RAJNI SHARMA - CALL 647-409-0731
Near Ebenezer & Gore- 45 Casond Crescent, Brampton ON L6P 1H3

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Urgently Need New Listings in Brampton/Caledon

visit: www.teamjagaujla.com



Call JAG AUJLA

MCNE, REAL ESTATE BROKER

DIR: 416-371-7777

j.aujla@rogers.com www.jagaujla.com

CALL JAG FOR A QUICK & FREE HOME EVALUATION

www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE IN BRANTFORD

SHELLARD LN / CONKLIN RD

- 2000 sq feet ਦਾ Semi-Detached ਘਰ
- 4 ਬੈੱਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
- ਸਟੇਨਲੈਸ ਸਟੀਲ ਉਪਕਰਨ
- ਫਨਿਸ਼ਡ ਬੇਸਮੈਂਟ
- ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
- ਕੁਆਰਟਜ਼ ਕਾਊਂਟਰ ਟੌਪ
- ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ

JUST LISTED FOR SALE IN BRAMPTON

WILLIAMS PKWY / CHINGUACOUSY RD

- 2500 - 3000 sq feet
- Detach ਘਰ, ਡਬਲ ਡੋਰ ਐਂਟਰੀ
- 4 ਬੈੱਡਰੂਮ + ਕੰਪਿਊਟਰ ਲੋਫਟ + 3 ਵਾਸ਼ਰੂਮ + 2 ਕਾਰ ਗੈਰੇਜ
- ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
- ਸਟੇਨਲੈਸ ਸਟੀਲ ਉਪਕਰਨ
- ਹਾਈਵੇਅ 403 ਦੇ ਨੇੜੇ

SOLD WILLIAMS PKWY / CENTRE ST

SOLD WILLIAMS PKWY / ROYAL ORCHARD

SOLD QUEEN ST / DIXIE RD

SOLD SANDALWOOD / BRAIDWOOD LAKE

SOLD HOWDEN BLVD / WILLIAM PRWY

SOLD QUEEN ST / MCLAUGHLIN

SOLD HWY 10 / BOVAID DR

SOLD GOREWAY DR / QUEEN ST E

FREE

- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage

Off: 905-456-3232

Call JAG AUJLA DIR: 416-371-7777

MCNE, REAL ESTATE BROKER

NOT INTENDED TO SOLICIT BUYERS OR SELLER CURRENTLY UNDER CONTRACT

JUNE 2022



REXDALE BODY SHOP

USED CAR SALE



CHEEMA

Specialization In:

- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience

OPEN MON - SAT 9AM TO 7PM

LOWEST PRICE IN TOWN

Call Rick or Manminder Cheema: 416.749.9596 / 416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca

mcheemaaaa@hotmail.com



Tri-City Professional Realty Inc., Brokerage. The Future of Real Estate

www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Tel: 905.793.5777



Avtar Singh Tiwana

Sales Representative

416.802.5866

31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY

SOLD $1,749,900 8337 ਗਲਫ ਲਾਈਨ

SOLD $1,950,000 26 Yellow RomeRd

416-802-5866






FRESH & LARGE VARIETY

Bread, Dairy & Eggs

Branded Foods

Fruits & Vegetables

Beverages & Confectionery

Grocery & Staples

Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017